# 9 ਆਧੁਨਿਕ ਪੰਜਾਬੀ ਗਲਪ (ਕਹਾਣੀ)

## ਪਾਠ ਦੀ ਰੂਪ ਰੇਖਾ


9.0 ਮਨੋਰਥ

9.1 ਭੂਮਿਕਾ

9.3 ਪੰਜਾਬੀ ਕਹਾਣੀ: ਇਕ ਪਰਿਚਯ

9.4 ਕੁਲਵੰਤ ਸਿੰਘ ਵਿਰਕ

  9.4.1 ਸ਼ੇਰਨੀਆਂ

  9.4.2 ਸ਼ੇਰਨੀਆਂ ਕਹਾਣੀ ਦਾ ਕਲਾ-ਪੱਖ


## 9.0 ਮਨੋਰਥ

ਕਹਾਣੀ ਕਹਿਣਾ ਅਤੇ ਸੁਣਨਾ ਮਨੁੱਖ ਦੀ ਆਦਿ ਕਾਲੀਨ ਬਿਰਤੀ ਹੈ, ਇਸੇ ਲਈ ਕਹਾਣੀ ਦਾ ਆਰੰਭ ਮਨੁੱਖ ਦੀ ਚੇਤਨਾ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ। ਸਾਡੀ ਲੋਕ ਪਰੰਪਰਾ ਵਿਚ ਕਹਾਣੀ ਕਹਿਣ ਦੀ ਰੀਤ ਉਦੋਂ ਤੋਂ ਹੀ ਚਲਦੀ ਆ ਰਹੀ ਹੈ, ਜਦੋਂ ਮਨੁੱਖ ਵਿਚ ਪੜ੍ਹਨ ਲਿਖਣ ਦੀ ਰੁਚੀ ਅਜੇ ਪੈਦਾ ਹੀ ਨਹੀਂ ਸੀ ਹੋਈ। ਵੇਦ, ਉਪਨਿਸ਼ਦ, ਰਮਾਇਣ, ਮਹਾਂਭਾਰਤ, ਪੰਚਤੰਤਰ, ਅਲਫਲੈਲਾ ਅਤੇ ਜਾਤਕ ਗ੍ਰੰਥ ਆਦਿ ਕਥਾਵਾਂ ਦੇ ਅਮੁੱਕ ਭੰਡਾਰ ਸਾਡੇ ਕੋਲ ਹਨ, ਜਿਨ੍ਹਾਂ ਵਿਚੋਂ ਪੰਜਾਬੀ ਕਹਾਣੀ ਦੇ ਬੀਜ ਰੂਪ ਲੱਭੇ ਜਾ ਸਕਦੇ ਹਨ। ਇਸ ਪਾਠ ਦਾ ਮਨੋਰਥ ਵਿਦਿਆਰਥੀਆਂ ਨੂੰ ਪੰਜਾਬੀ ਕਥਾ ਸਾਹਿਤ ਤੋਂ ਜਾਣੂੰ ਕਰਵਾਉਣਾ ਹੈ।

## 9.1 ਭੂਮਿਕਾ

ਆਧੁਨਿਕ ਪੰਜਾਬੀ ਕਹਾਣੀ ਭਾਵੇਂ ਪੱਛਮੀ ਪ੍ਰਭਾਵਾਂ ਦੇ ਅੰਤਰਗਤ ਵਿਕਸਤ ਹੋਈ ਮੰਨੀ ਜਾਂਦੀ ਹੈ ਪਰ ਫਿਰ ਵੀ ਇਸ ਨੂੰ ਨਿਰੋਲ ਪੱਛਮ ਦੀ ਦੇਣ ਹੀ ਨਹੀਂ ਕਿਹਾ ਜਾ ਸਕਦਾ। ਪੰਜਾਬੀ ਕਹਾਣੀ ਨੂੰ ਲਿਖਣ ਦਾ ਮਾਡਲ ਪੱਛਮ ਦੀ ਦੇਣ ਹੀ ਹੈ ਪਰ ਇਸ ਦੀਆਂ ਜੜ੍ਹਾਂ ਭਾਰਤੀ ਸੰਸਕ੍ਰਿਤੀ ਵਿਚ ਨਿਹਿਤ ਹਨ। .... ਪੱਛਮੀ ਸੰਸਕ੍ਰਿਤੀ ਅਤੇ ਸਾਹਿਤ ਰੂਪਾਂ ਦੇ ਪ੍ਰਭਾਵ ਨੇ ਜਿਹੜੀ ਕਲਾ-ਚੇਤਨਾ ਪੈਦਾ ਕੀਤੀ ਉਸ ਨੇ ਪੰਜਾਬੀ ਕਹਾਣੀ ਦੀ ਵਸਤੂ ਚੋਣ, ਰਚਨਾ-ਸੰਗਠਨ ਅਤੇ ਰਚਨਾ ਦ੍ਰਿਸ਼ਟੀ ਵਿਚ ਗੁਣਾਤਮਕ ਪਰਿਵਰਤਨ ਲਿਆਂਦਾ। ਇਸ ਕਰਕੇ ਲੋਕ-ਕਹਾਣੀ ਅਤੇ ਵਸ਼ਿਸ਼ਟ ਆਧੁਨਿਕ ਕਹਾਣੀ ਵਿਚਲੇ ਸਬੰਧ ਅਤੇ ਵੱਖਰਤਾ ਦੋਵੇਂ ਹੀ ਸੱਚ ਹਨ। ਇਨ੍ਹਾਂ ਵਿਚੋਂ ਕਿਸੇ ਇਕ ਪੱਖ ਉਤੇ ਵੱਧ ਘੱਟ ਬਲ ਦੇਣ ਨਾਲ ਹੀ ਆਧੁਨਿਕ ਪੰਜਾਬੀ ਕਹਾਣੀ ਦੇ ਨਿਕਾਸ ਸਬੰਧੀ ਭੁਲੇਖੇ ਪੈਦਾ ਹੁੰਦੇ ਹਨ। ਮੱਧਕਾਲੀ ਬਿਰਤਾਂਤ ਰੂਪਾਂ ਦੇ ਆਧੁਨਿਕ ਰੂਪਾਂਤਰਣ ਨੂੰ ਵਧੇਰੇ ਪ੍ਰੌਢ ਇਤਿਹਾਸਕ ਦ੍ਰਿਸ਼ਟੀ ਰਾਹੀਂ ਨਿਰੰਤਰਤਾ ਦੇ ਸੰਦਰਭ ਵਿਚ ਸਮਝਣ ਦੀ ਲੋੜ ਹੈ।....ਭਾਵੇਂ ਇਸ ਗੱਲ ਦਾ ਗੰਭੀਰ ਅਧਿਐਨ ਹੋਣਾ ਅਜੇ ਬਾਕੀ ਹੈ ਕਿ ਭਾਰਤ ਦੀ ਮੱਧਕਾਲੀ ਬਿਰਤਾਂਤ ਪਰੰਪਰਾ ਦਾ ਆਧੁਨਿਕ ਬਿਰਤਾਂਤ ਰੂਪਕਾਰਾਂ ਵਿਚ ਸਿਰਜਣਾਤਮਕ ਰੂਪਾਂਤਰਨ ਹੋਣ ਦੀ ਪ੍ਰਕਿਰਿਆ ਕਿਵੇਂ ਵਾਪਰਦੀ ਹੈ ਪਰ ਫੇਰ ਵੀ ਇਹ ਨਿਸ਼ਚਿਤ ਹੈ ਕਿ ਸਭ ਤਰ੍ਹਾਂ ਦੇ ਪੱਛਮੀ ਪ੍ਰਭਾਵਾਂ ਦੇ ਬਾਵਜੂਦ ਸਮੁੱਚੇ ਪੰਜਾਬੀ ਸਾਹਿਤ ਵਾਂਗ ਹੀ ਆਧੁਨਿਕ ਕਹਾਣੀ ਵੀ ਪੂਰਬੀ ਦ੍ਰਿਸ਼ਟੀ ਦੇ ਵਧੇਰੇ ਨੇੜੇ ਵਿਚਰਦੀ ਰਹੀ ਹੈ। ਆਪਣੀ ਮੱਧਕਾਲੀ ਪਰੰਪਰਾ ਨੂੰ ਨਕਾਰਨ ਅਤੇ ਸਵੀਕਾਰਨ ਦੀ ਚੇਤਨਾ ਇਸ ਵਿਚ ਨਾਲੋ-ਨਾਲ ਵਾਪਰਦੀ ਹੈ। ਪੰਜਾਬੀ ਕਹਾਣੀ ਦੇ ਪ੍ਰਸੰਗ ਵਿਚ ਅਜਿਹਾ ਵੀਹਵੀਂ ਸਦੀ ਦੇ ਆਰੰਭ ਵਿਚ ਵਾਪਰਨਾ ਸ਼ੁਰੂ ਹੁੰਦਾ ਹੈ।

## 9.3 ਪੰਜਾਬੀ ਕਹਾਣੀ: ਇਕ ਪਰਿਚਯ

ਪੰਜਾਬੀ ਕਹਾਣੀ ਨੂੰ ਮੁੱਢਲੇ ਦੌਰ ਵਿਚ ਸਾਹਿਤਕ ਰੰਗਣ ਪ੍ਰਦਾਨ ਕਰਨ ਵਿਚ ਇਸਾਈ ਮਿਸ਼ਨਰੀਆਂ ਦੀ ਅਹਿਮ ਭੂਮਿਕਾ ਰਹੀ ਹੈ। ਪੰਜਾਬ ਵਿਚ ਇਸਾਈ ਮਿਸ਼ਨਰੀਆਂ ਦੁਆਰਾ ਛਾਪੇਖਾਨੇ ਦੀ ਸਥਾਪਨਾ ਤੋਂ ਬਾਅਦ, ਉਨ੍ਹਾਂ ਦੁਆਰਾ ਇਸਾਈ ਧਰਮ ਦੇ ਪ੍ਰਚਾਰ, ਪੱਛਮੀ ਸਾਹਿਤ, ਸਭਿਅਤਾ, ਧਰਮ ਅਤੇ ਜੀਵਨ ਜਾਚ ਨੂੰ ਹੋਰ ਸੰਸਕ੍ਰਿਤੀਆਂ ਤੋਂ ਸ੍ਰੇਸ਼ਠ ਸਿੱਧ ਕਰਨ ਦੇ ਯਤਨ ਆਰੰਭੇ ਜਾਂਦੇ ਹਨ। ਇਸ ਦੇ ਪ੍ਰਤੀਕਰਮ ਵਜੋਂ ਹੀ ਪੰਜਾਬੀ ਵਿਚ ਪੈਂਫਲਿਟ ਅਤੇ ਟ੍ਰੈਕਟ ਛਾਪੇ ਜਾਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਧਾਰਮਿਕ ਪੁਨਰ ਸੁਰਜੀਤੀ, ਸਮਾਜ ਸੁਧਾਰ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਦੇ ਉਦੇਸ਼ ਨਾਲ ਲਿਖੇ ਜਾਂਦੇ ਇਹ ਟ੍ਰੈਕਟ ਅਤੇ ਸਾਖੀਆਂ ਪੰਜਾਬੀ ਕਹਾਣੀ ਦਾ ਮੁਢਲਾ ਰੂਪ ਮੰਨੇ ਜਾਂਦੇ ਹਨ।

ਪੰਜਾਬੀ ਕਹਾਣੀ ਨੂੰ ਇਕ ਸੁਤੰਤਰ ਵਿਧਾ ਵਜੋਂ ਮਾਨਤਾ ਪੰਜਾਬੀ ਦੇ ਮੁੱਢਲੇ ਰਸਾਲਿਆਂ/ਮੈਗਜ਼ੀਨਾਂ ਨੇ ਦਿੱਤੀ। 'ਪ੍ਰੀਤਮ', 'ਫੁਲਵਾੜੀ', 'ਕਿਰਤੀ', 'ਮੌਜੀ', 'ਪ੍ਰੀਤਲੜੀ', 'ਪ੍ਰਭਾਤ' ਅਤੇ 'ਲਿਖਾਰੀ' ਆਦਿ ਰਸਾਲਿਆਂ ਵਿਚ ਹੀ ਪੰਜਾਬੀ ਦੇ ਮੁਢਲੇ ਕਹਾਣੀਕਾਰਾਂ ਦੀਆਂ ਪਹਿਲੀਆਂ ਮੌਲਿਕ, ਅਧਾਰਿਤ ਅਤੇ ਅਨੁਵਾਦਿਤ ਕਹਾਣੀਆਂ ਛਪੀਆਂ। ਪੰਜਾਬੀ ਦੇ ਮੁੱਢਲੇ ਕਹਾਣੀਕਾਰਾਂ ਨੇ ਰੂਸੀ, ਬੰਗਾਲੀ ਅਤੇ ਹੋਰ ਭਾਸ਼ਾਵਾਂ ਦੀਆਂ ਉੱਤਮ ਕਹਾਣੀਆਂ ਨੂੰ ਪੰਜਾਬੀ ਭਾਸ਼ਾ ਵਿਚ ਅਨੁਵਾਦ ਵੀ ਕੀਤਾ। ਆਧੁਨਿਕ ਚਿੰਤਨ, ਨਵੀਂ ਚੇਤਨਾ ਅਤੇ ਪੱਛਮੀ ਸਾਹਿਤ ਦੇ ਪ੍ਰਭਾਵ ਸਦਕਾ ਸਮੇਂ-ਸਮੇਂ 'ਤੇ ਪੰਜਾਬੀ ਕਹਾਣੀ ਵਿਚ ਵਿਸ਼ੇ, ਤਕਨੀਕ ਅਤੇ ਪੇਸ਼ਕਾਰੀ ਦੇ ਪੱਖ ਤੋਂ ਕਈ ਨਵੇਂ ਪਹਿਲੂ ਸ਼ਾਮਿਲ ਹੁੰਦੇ ਹਨ। ਇਸ ਕਹਾਣੀ ਦਾ ਮੁੱਖ ਉਦੇਸ਼ ਸਮਾਜ ਸੁਧਾਰ ਹੋਣ ਕਰਕੇ ਇਸ ਦੇ ਵਿਸ਼ੇ ਸਦਾਚਾਰਕ, ਰਹੱਸਵਾਦੀ, ਆਦਰਸ਼ਕ ਅਤੇ ਪ੍ਰਚਾਰਕ ਕਿਸਮ ਦੇ ਸਨ। ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਹੀਰਾ ਸਿੰਘ ਦਰਦ, ਬਲਵੰਤ ਸਿੰਘ ਚਤਰਥ, ਜੋਸ਼ਵਾ ਫਜ਼ਲਦੀਨ, ਲਾਲ ਸਿੰਘ ਕਮਲਾ ਅਕਾਲੀ, ਗੁਰਮੁਖ ਸਿੰਘ ਮੁਸਾਫਿਰ, ਮੋਹਨ ਸਿੰਘ ਦੀਵਾਨਾ, ਨਾਨਕ ਸਿੰਘ ਅਤੇ ਗੁਰਬਖਸ਼ ਸਿੰਘ ਪ੍ਰੀਤਲੜੀ ਪਹਿਲੇ ਪੜਾਅ ਦੀ

ਪੰਜਾਬੀ ਕਹਾਣੀ ਦੇ ਪ੍ਰਮੁੱਖ ਕਹਾਣੀਕਾਰ ਮੰਨੇ ਜਾਂਦੇ ਹਨ। ਮੋਹਨ ਸਿੰਘ ਵੈਦ ਨੇ ਆਪਣੇ ਕਹਾਣੀ ਸੰਗ੍ਰਿਹਾਂ 'ਸਿਆਣੀ ਮਾਤਾ', 'ਰੰਗ-ਬਰੰਗੇ ਫੁੱਲ' ਅਤੇ 'ਹੀਰੇ ਦੀਆਂ ਕਣੀਆਂ' ਰਾਹੀਂ ਧਰਮ ਪ੍ਰਚਾਰ ਅਤੇ ਸਮਾਜ ਸੁਧਾਰ ਦੇ ਆਸ਼ੇ ਨਾਲ ਸਮਾਜਕ ਕੁਰੀਤੀਆਂ ਦੇ ਖਿਲਾਫ਼ ਅਵਾਜ਼ ਬੁਲੰਦ ਕੀਤੀ। ਸਮਾਜ ਵਿਚ ਪ੍ਰਚੱਲਿਤ ਰੂੜ੍ਹੀਵਾਦੀ ਪ੍ਰਤੀਮਾਨਾਂ ਦਾ ਤ੍ਰਿਸਕਾਰ ਕਰਦਿਆਂ ਹੋਇਆਂ ਉਨ੍ਹਾਂ ਨੇ ਪੰਜਾਬੀ/ਭਾਰਤੀ ਸੰਸਕ੍ਰਿਤੀ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਇਆ। ਪਾਠਕ ਵਿਚ ਇਤਿਹਾਸਕ ਚੇਤਨਾ ਦਾ ਸੰਚਾਰ ਅਤੇ ਹੀਣਤਾ ਤੋਂ ਮੁਕਤੀ ਉਸਦੀਆਂ ਕਹਾਣੀਆਂ ਦਾ ਅਹਿਮ ਸਰੋਕਾਰ ਰਿਹਾ ਹੈ। ਚਰਨ ਸਿੰਘ ਸ਼ਹੀਦ ਨੇ 'ਹਸਦੇ ਹੰਝੂ' ਕਹਾਣੀ ਸੰਗ੍ਰਿਹ ਰਾਹੀਂ ਹਾਸਰਸੀ ਵਿਅੰਗ ਦੀ ਵਿਧੀ ਨੂੰ ਅਪਣਾ ਕੇ ਸਮਾਜਕ ਵਿਸੰਗਤੀਆਂ ਦਾ ਪਰਦਾਫਾਸ਼ ਕੀਤਾ ਅਤੇ ਵਿਅਕਤੀਵਾਦੀ ਚੇਤਨਾ ਨੂੰ ਉਭਾਰਿਆ। ਹੀਰਾ ਸਿੰਘ ਦਰਦ ਅਤੇ ਗੁਰਮੁਖ ਸਿੰਘ ਮੁਸਾਫ਼ਿਰ ਆਪਣੀਆਂ ਕਹਾਣੀਆਂ ਵਿਚ ਸੁਤੰਤਰਤਾ ਸੰਗਰਾਮ ਪ੍ਰਤੀ ਜਨਸਧਾਰਨ ਵਿਚ ਚੇਤਨਾ ਦਾ ਸੰਚਾਰ ਕਰਦੇ ਹਨ। ਨਾਨਕ ਸਿੰਘ ਨੇ ਆਪਣੇ ਕਹਾਣੀ ਸੰਗ੍ਰਿਹਾਂ 'ਹੰਝੂਆਂ ਦੇ ਹਾਰ', 'ਸਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ', 'ਠੰਡੀਆਂ ਛਾਵਾਂ' ਅਤੇ 'ਸੁਪਨਿਆਂ ਦੀ ਕਬਰ' ਵਿਚ ਪਹਿਲੀ ਵਾਰ ਪੰਜਾਬੀ ਕਹਾਣੀ ਨੂੰ ਧਾਰਮਿਕ-ਆਦਰਸ਼ ਅਤੇ ਸੁਧਾਰਵਾਦੀ ਰਚਨਾ ਦ੍ਰਿਸ਼ਟੀ ਤੋਂ ਮੁਕਤ ਕਰਕੇ ਸਮਾਜ ਸੁਧਾਰ ਅਤੇ ਜੀਵਨ ਦੀਆਂ ਯਥਾਰਥਕ ਸਮੱਸਿਆਵਾਂ ਨਾਲ ਜੋੜਿਆ। ਉਸਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਸ਼ਹਿਰੀ ਮੱਧ ਸ਼੍ਰੇਣੀ ਦੀਆਂ ਸਮੱਸਿਆਵਾਂ, ਔਰਤ ਦਮਨ ਦਾ ਦੁਖਾਂਤ, ਅੰਧ ਵਿਸ਼ਵਾਸਾਂ ਤੋਂ ਮੁਕਤੀ, ਛੂਤਛਾਤ ਦੇ ਖੰਡਨ ਅਤੇ ਸਮਾਜਕ ਕੁਰੀਤੀਆਂ ਦੇ ਖਿਲਾਫ਼ ਜਨਵਾਦੀ ਚੇਤਨਾ ਨੂੰ ਉਭਾਰਨਾ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੇ ਪ੍ਰੀਤ ਫਲਸਫ਼ੇ ਨੂੰ ਰੁਮਾਂਚਿਕ ਆਦਰਸ਼ ਅਤੇ ਤਰਕਯੁਕਤ ਯਥਾਰਥਵਾਦੀ ਸ਼ੈਲੀ ਰਾਹੀਂ ਵਿਅਕਤ ਕੀਤਾ। 'ਪ੍ਰੀਤ ਕਹਾਣੀਆਂ', 'ਨਾਗ ਪ੍ਰੀਤ ਦਾ ਜਾਦੂ', 'ਪ੍ਰੀਤਾਂ ਦੇ ਪਹਿਰੇਦਾਰ' ਅਤੇ 'ਭਾਬੀ ਮੈਨਾ' ਉਸਦੇ ਪ੍ਰਮੁੱਖ ਕਹਾਣੀ ਸੰਗ੍ਰਿਹ ਹਨ।

ਦੂਜੇ ਦੌਰ ਦੀ ਪੰਜਾਬੀ ਕਹਾਣੀ ਦਾ ਇਤਿਹਾਸਕ ਕਾਲ 1936 ਤੋਂ 1965 ਤੱਕ ਦਾ ਮਿਥਿਆ ਜਾ ਸਕਦਾ ਹੈ। ਇਸ ਦੌਰ ਦੇ ਚਿੰਤਨ ਵਿਚ ਮਾਰਕਸਵਾਦ ਦੀਆਂ ਧਾਰਨਾਵਾਂ, ਮਨੋਵਿਗਿਆਨ ਦੀਆਂ ਲੱਭਤਾਂ ਅਤੇ ਪੂੰਜੀਵਾਦੀ ਚੇਤਨਾ ਨਾਲ ਲੈਸ ਮੱਧਵਰਗੀ ਵਿਅਕਤੀਵਾਦ ਦੀਆਂ ਦ੍ਰਿਸ਼ਟੀਆਂ ਮਨੁੱਖ ਅਤੇ ਸਮਾਜ ਦੇ ਸੰਕਲਪਾਂ ਨੂੰ ਨਵੇਂ ਸਿਰਿਉਂ ਪਰਿਭਾਸ਼ਤ ਕਰਦੀਆਂ ਹਨ। ਧਰਮ ਨਿਰਪੱਖ ਦ੍ਰਿਸ਼ਟੀਕੋਣ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਇਸ ਦੌਰ ਦੇ ਬਹੁਤੇ ਸਾਹਿਤਕਾਰਾਂ ਲਈ ਪ੍ਰੇਰਕ ਸ਼ਕਤੀ ਬਣਦੀਆਂ ਹਨ। ਇਸ ਲਈ ਇਸ ਦੌਰ ਦੀ ਕਹਾਣੀ ਵਿਚ ਸੰਤ ਸੇਖੋਂ, ਸੁਜਾਨ ਸਿੰਘ, ਨਵਤੇਜ ਸਿੰਘ, ਸੰਤੋਖ ਸਿੰਘ ਧੀਰ ਅਤੇ ਅਮਰ ਸਿੰਘ ਪ੍ਰਗਤੀਵਾਦੀ ਚੇਤਨਾ ਦੇ ਪ੍ਰਮੁੱਖ ਹਸਤਾਖਰ ਬਣਦੇ ਹਨ।

ਸੰਤ ਸਿੰਘ ਸੇਖੋਂ ਨੇ ਆਪਣੇ ਕਹਾਣੀ ਸੰਗ੍ਰਿਹਾਂ 'ਕਾਮੇ ਤੇ ਯੋਧੇ', 'ਸਮਾਚਾਰ', 'ਅੱਧੀ ਵਾਟ' ਅਤੇ 'ਬਾਰਾਦਰੀ' ਵਿਚ ਸਧਾਰਨ ਵਿਅਕਤੀ ਦੇ ਜੀਵਨ ਦੀ ਸਧਾਰਨਤਾ ਨੂੰ ਸਥਿਤੀਆਂ ਦੇ ਵਿਵੇਕ ਵਿਚੋਂ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ। ਸੁਜਾਨ ਸਿੰਘ ਨੇ 'ਦੁਖ ਸੁਖ', 'ਦੁਖ ਸੁਖ ਤੋਂ ਪਿਛੋਂ', 'ਨਰਕਾਂ ਦੇ ਦੇਵਤੇ', 'ਸਭ ਰੰਗ', 'ਮਨੁੱਖ ਤੇ ਪਸ਼ੂ' ਅਤੇ 'ਸ਼ਹਿਰ ਤੇ ਗਰਾਂ' ਆਦਿ ਕਹਾਣੀ ਸੰਗ੍ਰਿਹ ਪੰਜਾਬੀ ਕਹਾਣੀ ਨੂੰ ਦਿੱਤੇ ਹਨ। ਸੁਜਾਨ ਸਿੰਘ ਇਕ ਪਾਸੇ ਤਾਂ ਮੱਧ ਵਰਗ ਦੀਆਂ ਆਰਥਿਕ ਥੁੜਾਂ ਨੂੰ ਕਹਾਣੀ ਦਾ ਵਿਸ਼ਾ ਬਣਾਉਂਦਾ ਹੈ ਅਤੇ ਆਰਥਿਕ ਨਾਬਰਾਬਰੀ ਨੂੰ ਖਤਮ ਕਰਨ ਲਈ ਸ਼੍ਰੇਣੀ ਸੰਘਰਸ਼ ਦਾ ਰਾਹ ਸੁਝਾਉਂਦਾ ਹੈ, ਦੂਜੇ ਪਾਸੇ ਉਹ ਮੱਧਵਰਗੀ ਜੀਵਨ ਜਾਂਚ ਨੂੰ ਵੀ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਂਦਾ ਹੈ। 'ਬਾਗਾਂ ਦਾ ਰਾਖਾ', 'ਪ੍ਰਹੁਣਾ', 'ਕੁਲਫ਼ੀ' ਅਤੇ 'ਰਾਸ ਲੀਲ੍ਹਾ' ਉਸਦੀਆਂ ਯਾਦਗਾਰੀ ਕਹਾਣੀਆਂ ਹਨ। ਇਸ ਸਮੇਂ ਸੰਤੋਖ ਸਿੰਘ ਧੀਰ ਨੇ ਆਪਣੇ ਕਹਾਣੀ ਸੰਗ੍ਰਿਹਾਂ 'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ' ਅਤੇ 'ਸਾਂਝੀ ਕੰਧ' ਆਦਿ ਵਿਚ ਪੇਂਡੂ ਜੀਵਨ ਯਥਾਰਥ ਅਤੇ ਸਮਾਜਕ-ਆਰਥਿਕ ਵਿਤਕਰਿਆਂ ਨੂੰ ਬੜੀ ਸ਼ਿੱਦਤ ਨਾਲ ਬਿਆਨ ਕੀਤਾ। ਇਸੇ ਵਿਚਾਰਧਾਰਾ ਦੀ ਨਿਰੰਤਰਤਾ ਤਹਿਤ ਨਵਤੇਜ ਸਿੰਘ 'ਦੇਸ਼ ਵਾਪਸੀ', 'ਨਵੀਂ ਰੁੱਤ', 'ਬਾਸਮਤੀ ਦੀ ਮਹਿਕ', 'ਚਾਨਣ ਦੇ ਬੀਜ' ਅਤੇ 'ਬਹਾਰ ਆਉਣ ਤੱਕ' ਆਦਿ ਕਹਾਣੀ ਸੰਗ੍ਰਿਹਾਂ ਵਿਚ ਸ਼੍ਰੇਣੀ ਸਮਾਜ ਦੀਆਂ ਵਿਸੰਗਤੀਆਂ ਦਾ ਬੋਧ ਕਰਵਾਉਂਦਾ ਹੈ। ਪ੍ਰਗਤੀਵਾਦੀ/ਯਥਾਰਥਵਾਦੀ ਸੋਚ ਦੀ ਬੁਨਿਆਦੀ ਦ੍ਰਿਸ਼ਟੀ ਤਹਿਤ ਨੌਰੰਗ ਸਿੰਘ ਜੀਵਨ ਦੀ ਸਧਾਰਨਤਾ ਹੇਠ ਛੁਪੀ ਅਸਧਾਰਨਤਾ ਨੂੰ, ਦਵਿੰਦਰ ਸਤਿਆਰਥੀ ਮਨੁੱਖੀ ਵਿਹਾਰ ਦੀ ਵਿਚੱਤਰਤਾ ਨੂੰ, ਸੁਰਿੰਦਰ ਸਿੰਘ ਨਰੂਲਾ ਸ਼ਹਿਰੀ ਮੱਧਵਰਗ ਦੇ ਯਥਾਰਥ ਨੂੰ, ਮਹਿੰਦਰ ਸਿੰਘ ਸਰਨਾ ਮੱਧ ਵਰਗੀ ਜੀਵਨ ਜਾਚ ਨੂੰ ਅਤੇ ਗੁਰਦਿਆਲ ਸਿੰਘ ਕਿਰਤੀ ਵਰਗ, ਨਿਮਨ ਕਿਸਾਨੀ ਅਤੇ ਦਲਿਤ ਸ਼੍ਰੇਣੀਆਂ ਦੇ ਜੀਵਨ ਯਥਾਰਥ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦੇ ਹਨ।

ਇਸੇ ਦੌਰ ਵਿਚ ਪੰਜਾਬੀ ਵਿਚ ਸਭ ਤੋਂ ਵੱਧ ਕਹਾਣੀਆਂ ਲਿਖਣ ਵਾਲੇ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨੇ ਪ੍ਰਕਿਰਤੀਵਾਦ ਦੇ ਪ੍ਰਭਾਵ ਤਹਿਤ ਫਰਾਇਡ ਦੀ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਪੰਜਾਬੀ ਕਹਾਣੀ ਵਿਚ ਨਵੇਂ ਅਯਾਮ ਸਿਰਜੇ ਹਨ। ਉਸ ਨੇ ਮਨੁੱਖੀ ਮਨ, ਕਾਮ/ਕਾਮਨਾਵਾਂ ਦੀਆਂ ਗੁੰਝਲਾਂ, ਮਾਨਵੀ ਅਵਚੇਤਨ ਦੇ ਅਣਸੁਲਝੇ ਰਹੱਸਾਂ ਅਤੇ ਸਰੀਰਕ ਸਬੰਧਾਂ ਨੂੰ ਕਲਾਤਮਿਕਤਾ ਸਾਹਿਤ ਸਥਿਤੀਆਂ ਅਤੇ ਪ੍ਰਕਿਰਤੀ ਦੇ ਯਥਾਰਥ ਵਿਚੋਂ ਤਲਾਸ਼ਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਸਮਾਂਨਾਂਤਰ ਹੀ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਮਾਨਵਵਾਦੀ ਰਚਨਾ ਦ੍ਰਿਸ਼ਟੀ ਤਹਿਤ ਪਾਤਰਾਂ ਦੀ ਮਨੋਦਸ਼ਾ ਨੂੰ ਮਨੁੱਖ ਦੇ ਬੁਨਿਆਦੀ ਸੁਭਾਅ ਦੀ ਵਿਲੱਖਣਤਾ ਵਜੋਂ ਪੇਸ਼ ਕਰਦੀਆਂ ਹਨ। ਵਿਰਕ ਪਰੰਪਰਕ ਪੰਜਾਬੀ ਸਮਾਜ ਵਿਚ ਆਧੁਨਿਕਤਾ ਦੇ ਪ੍ਰਭਾਵਾਂ ਕਾਰਨ ਆ ਰਹੇ ਬਦਲਾਵਾਂ ਨੂੰ ਨਾਕਰਾਤਮਕ ਨਜ਼ਰੀਏ ਰਾਹੀਂ ਨਹੀਂ ਦੇਖਦਾ, ਸਗੋਂ ਇਸ ਨੂੰ ਸਮਾਜਕ ਵਿਕਾਸ ਦੇ ਨਿਯਮਾਂ ਦੀ ਅਟੱਲਤਾ ਵਜੋਂ ਗ੍ਰਹਿਣ ਕਰਦਾ ਹੈ। ਉਹ ਮਾਨਵੀ ਮੁੱਲਾਂ, ਸਭਿਆਚਾਰਕ ਅਵਚੇਤਨ ਅਤੇ ਸਮਕਾਲ ਦੀਆਂ ਚੁਣੌਤੀਆਂ ਨੂੰ ਡੂੰਘੀ ਸਮਝ ਰਾਹੀਂ ਚਿਤਰਦਾ ਹੈ। ਉਸ ਨੇ ਪੰਜਾਬੀ ਕਹਾਣੀ ਦੀ ਰੂਪ ਬਣਤਰ ਦੇ ਪਰੰਪਰਕ ਨਿਯਮਾਂ ਨੂੰ ਤੋੜਿਆ ਅਤੇ ਵਿਸ਼ੇ ਵਸਤੂ ਪੱਖੋਂ ਨਵੀਆਂ ਸੰਭਾਵਨਾਵਾਂ ਨਾਲ ਭਰਪੂਰ ਕੀਤਾ। 'ਧਰਤੀ ਤੇ ਅਕਾਸ਼', 'ਦੁੱਧ ਦਾ ਛੱਪੜ', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਿਕ', 'ਗੋਲ੍ਹਾਂ', 'ਦੁਆਦਸ਼ੀ', 'ਨਵੇਂ ਲੋਕ' ਅਤੇ 'ਆਤਸ਼ਬਾਜ਼ੀ' ਉਸ ਦੇ ਪ੍ਰਮੁੱਖ ਕਹਾਣੀ ਸੰਗ੍ਰਿਹ ਹਨ।

1947 ਦੀ ਦੇਸ਼ ਵੰਡ ਅਤੇ ਧਾਰਮਿਕ ਜਨੂੰਨ ਕਾਰਨ ਕੀਤੀ ਗਈ ਕਤਲੋਗਾਰਦ ਨੇ ਉਸ ਸਮੇਂ ਦੇ ਹਰ ਸਾਹਿਤਕਾਰ ਦੀ ਸੰਵੇਦਨਾ ਉਤੇ ਗਹਿਰਾ ਪ੍ਰਭਾਵ ਪਾਇਆ। ਇਸ ਪ੍ਰਕਾਰ ਦੂਜੇ ਪੜਾਅ ਦੀ ਪੰਜਾਬੀ ਕਹਾਣੀ ਵਸਤੂ-ਚੋਣ ਵਜੋਂ ਨਵੀਨ ਰਚਨਾ-ਸਮੱਗਰੀ ਦੀ ਚੋਣ ਕਰਕੇ ਆਪਣੇ ਸਮਕਾਲੀ ਸਮਾਜ ਨਾਲ ਕਦਮ ਮਿਲਾ ਕੇ ਤੁਰਦਿਆਂ ਆਪਣੀ ਪੂਰਵਲੀ ਕਹਾਣੀ ਤੋਂ ਦੋਂ ਕਦਮ ਅਗਾਂਹ ਪੁੱਟਦੀ ਪ੍ਰਤੱਖ ਵਿਖਾਈ ਦਿੰਦੀ ਹੈ। ਪ੍ਰਗਤੀਵਾਦ, ਯਥਾਰਥਵਾਦ, ਮਾਨਵਵਾਦ, ਮਾਰਕਸਵਾਦ ਪ੍ਰਕਿਰਤੀਵਾਦ ਅਤੇ ਮਨੋਵਿਗਿਆਨ ਦੀਆਂ ਬੁਨਿਆਦੀ ਧਾਰਨਾਵਾਂ ਤੋਂ ਰੌਸ਼ਨੀ ਲੈਂਦੇ ਇਸ ਦੌਰ ਦੇ ਕਹਾਣੀਕਾਰ ਪੰਜਾਬੀ ਕਹਾਣੀ ਨੂੰ ਉਸ ਮੁਕਾਮ ਤੇ ਲਿਆ ਖੜ੍ਹਾ ਕਰਦੇ ਹਨ ਜਿੱਥੇ ਪੰਜਾਬੀ ਕਾਹਣੀ ਦੀ ਇਕ ਸਾਹਿਤਕ ਵਿਧਾ ਵਜੋਂ ਪਰਿਪੱਕਤਾ ਬਾਰੇ ਚਰਚਾ ਦੂਜੀਆਂ ਭਸ਼ਾਵਾਂ ਵਿਚ ਵੀ ਹੋਣ ਲਗਦੀ ਹੈ।

1960-65 ਦੇ ਆਸ ਪਾਸ ਹਰੀ ਕ੍ਰਾਂਤੀ ਦੇ ਪ੍ਰਭਾਵ ਕਾਰਨ ਪੰਜਾਬ ਦੇ ਪੇਂਡੂ ਅਰਥਚਾਰੇ ਵਿਚ ਵਿਆਪਕ ਤਬਦੀਲੀ ਆਉਂਦੀ ਹੈ। ਪੰਜਾਬ ਦਾ ਸਮਾਜਕ, ਰਾਜਸੀ, ਆਰਥਿਕ ਅਤੇ ਸਭਿਆਚਾਰਕ ਮਾਹੌਲ ਤੇਜ਼ੀ ਨਾਲ ਰੂਪਾਂਤਰਣ ਦੀ ਪ੍ਰਕਿਰਿਆ ਵਿਚ ਪੈਂਦਾ ਹੈ। ਪੰਜਾਬੀ ਕਹਾਣੀ ਇਸ ਸਮੇਂ ਹੀ ਵਸਤੂ ਦੇ ਪੱਖੋਂ ਨਵੇਂ ਦੌਰ ਵਿਚ ਦਾਖਲ ਹੋਈ। ..... ਇਸ ਦੌਰ ਦੀ ਕਹਾਣੀ ਸੰਕਟ-ਗ੍ਰਸਤ ਆਰਥਿਕਤਾ, ਰਾਜਨੀਤੀ ਅਤੇ ਸਭਿਆਚਾਰਕ ਅੰਤਰਵਿਰੋਧਾਂ ਨੂੰ ਮੁਖਾਤਬ ਹੋਈ। ....ਇਸ ਸਮੇਂ ਹੀ ਪੰਜਾਬੀ ਕਹਾਣੀ ਜਗਤ ਵਿਚ ਪੇਂਡੂ ਸਾਂਸਕ੍ਰਿਤਕ ਪਿਛੋਕੜ ਵਾਲੇ ਉਸ ਵਰਗ ਨੇ ਪ੍ਰਵੇਸ਼ ਕੀਤਾ ਜਿਹੜਾ ਅਨੁਭਵ ਪੱਧਰ ਤੇ ਸ਼ਹਿਰੀ ਮੱਧ ਵਰਗ ਨਾਲ ਜੁੜਿਆ ਹੋਇਆ ਸੀ। ਇਸ ਵਰਗ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿਚ ਨਿਵੇਕਲੇ ਮਸਲੇ ਉੱਭਰੇ ਜਿਸ ਵਿਚ ਪੁਰਾਣੇ ਸੰਸਕਾਰਾਂ ਤੋਂ ਟੁੱਟਿਆ ਅਤੇ ਨਵੇਂ ਸੰਸਕਾਰਾਂ ਨੂੰ ਅਪਨਾਉਣ ਤੋਂ ਅਸਮਰੱਥ ਦੁਬਿਧਾ ਗ੍ਰਸਤ ਮਨੁੱਖ ਅਤੇ ਔਰਤ ਮਰਦ ਦੇ ਰਿਸ਼ਤੇ ਨੂੰ ਨਵੇਂ ਸਿਰੇ ਤੋਂ ਪਰਖਦਾ ਮਨੁੱਖ ਉੱਭਰਦਾ ਹੈ।

ਕਿਸਾਨੀ ਜੀਵਨ ਦੀ ਪੇਸ਼ਕਾਰੀ, ਨਿਮਨ ਕਿਸਾਨੀ ਦੀਆਂ ਆਰਥਿਕ ਥੁੜਾਂ, ਲੋੜਾਂ, ਰੁਝੇਵਿਆਂ, ਸਮਾਜਕ ਦਸ਼ਾ, ਰਾਜਸੀ ਚੇਤਨਾ ਅਤੇ ਪਰਿਵਾਰਕ ਰਿਸ਼ਤਿਆਂ ਦੇ ਵਿਗਠਨ ਨੂੰ ਪੇਸ਼ ਕਰਨਾ ਇਸ ਦੌਰ ਦੀ ਪੰਜਾਬੀ ਕਹਾਣੀ ਦਾ ਅਹਿਮ ਲੱਛਣ ਰਿਹਾ ਹੈ। ਕਿਸਾਨ ਮਜ਼ਦੂਰ ਦੇ ਆਪਸੀ ਰਿਸ਼ਤਿਆਂ, ਪੂੰਜੀਵਾਦ ਦੇ ਕਿਸਾਨੀ ਸੰਸਕ੍ਰਿਤੀ ਤੇ ਪ੍ਰਭਾਵਾਂ ਅਤੇ ਸ਼ਹਿਰੀਕਰਨ ਦੇ ਅਮਲ ਦੇ ਫਲਸਰੂਪ ਪੈਦਾ ਹੋ ਰਹੇ ਯਥਾਰਥ ਨੂੰ ਰਾਮ ਸਰੂਪ ਅਣਖੀ, ਗੁਰਬਚਨ ਸਿੰਘ ਭੁੱਲਰ, ਗੁਲਜ਼ਾਰ ਸਿੰਘ ਸੰਧੂ, ਗੁਰਦਿਆਲ ਸਿੰਘ, ਗੁਰਦੇਵ ਰੁਪਾਣਾ, ਵਰਿਆਮ ਸੰਧੂ, ਬਲਦੇਵ ਸਿੰਘ ਆਦਿ ਕਹਾਣੀਕਾਰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕਰਨ ਲਗਦੇ ਹਨ। ਅਤਰਜੀਤ, ਪ੍ਰੇਮ ਗੋਰਖੀ, ਨਛੱਤਰ, ਗੁਰਮੇਲ ਮਡਾਹੜ ਅਤੇ ਕਿਰਪਾਲ ਕਜ਼ਾਕ ਜਿਹੇ ਕਹਾਣੀਕਾਰ ਵਿਸ਼ੇਸ਼ ਤੌਰ ‘ਤੇ ਖੇਤ ਮਜ਼ਦੂਰ ਵਰਗ ਦੀਆਂ ਜਾਤੀ-ਪਾਤੀ ਅਤੇ ਆਰਥਿਕ ਸਮੱਸਿਆਵਾਂ ਨੂੰ ਪੇਸ਼ ਕਰਦੇ ਹਨ।

ਇਸ ਦੌਰ ਵਿਚ ਹੀ ਪੰਜਾਬ ਸਮੱਸਿਆ ਪੰਜਾਬੀ ਸਮਾਜ ‘ਤੇ ਗਹਿਰੇ ਪ੍ਰਭਾਵ ਪਾਉਂਦੀ ਹੈ।.... ਪੰਜਾਬ ਸਮੱਸਿਆ ਨੇ ਸਾਡੇ ਸਮਾਜਚਾਰੇ ਵਿਚ ਪਰੰਪਰਾਗਤ ਰਿਸ਼ਤਿਆਂ ਦੀ ਵਿਆਕਰਨ ਤੇ ਇਕ ਪ੍ਰਸ਼ਨ ਚਿੰਨ੍ਹ ਲਗਾਇਆ। ਸਮਾਜਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਪੱਧਰ ‘ਤੇ ਪੰਜਾਬ ਸਮੱਸਿਆ ਦੇ ਕਾਰਨ ਤਲਾਸ਼ੇ ਗਏ।..... ਬਹੁਗਿਣਤੀ ਕਹਾਣੀਆਂ ਵਿਚੋਂ ਸਰਕਾਰੀ, ਗੈਰ-ਸਰਕਾਰੀ ਦਹਿਸ਼ਤਗਰਦੀ, ਇਸ ਤੋਂ ਪ੍ਰਭਾਵਿਤ ਲੋਕਾਂ ਦਾ ਵਿਰਲਾਪ, ਕਰੁਣਾ, ਦੋਸ਼ ਆਰੋਪਣ, ਸਭਿਆਚਾਰਕ ਤੰਦਾਂ ਦੀ ਮਜ਼ਬੂਤੀ, ਰਿਸ਼ਤਿਆਂ ਦਾ ਤਿੜਕਾਅ ਵਰਗੇ ਚਿਹਨ ਉੱਭਰੇ ਹਨ। ਗੁਲਜ਼ਾਰ ਸਿੰਘ ਸੰਧੂ ਦੀ ‘ਰੁਦਨ ਬਿੱਲੀਆਂ ਦਾ’ ਮੋਹਨ ਭੰਡਾਰੀ ਦੀ ‘ਕੇਸ ਵਾਹ ਜਿਊਣੀਏ’, ਪ੍ਰੇਮ ਪ੍ਰਕਾਸ਼ ਦੀ ‘ਇਹ ਉਹ ਜਸਬੀਰ ਨਹੀਂ’, ਅਜੀਤ ਕੌਰ ਦੀ ‘ਨਾ ਮਾਰੋ’ ਅਤੇ ਵਰਿਆਮ ਸੰਧੂ ਦੀਆਂ ‘ਭੱਜੀਆਂ ਬਾਹੀ’, ‘ਚੌਥੀ ਕੂਟ’ ਅਤੇ ‘ਮੈਂ ਹੁਣ ਠੀਕ ਠਾਕ ਹਾਂ’ ਪੰਜਾਬ ਸੰਕਟ ਨਾਲ ਸਬੰਧਿਤ ਇਸ ਪੜਾਅ ਦੀਆਂ ਜ਼ਿਕਰਯੋਗ ਕਹਾਣੀਆਂ ਹਨ।

ਤੀਜੇ ਪੜਾਅ ਦੀਆਂ ਇਸਤਰੀ ਕਹਾਣੀਕਾਰਾਂ ਨੇ ਵੀ ਪੂਰੀ ਬੇਬਾਕੀ ਨਾਲ ਮਰਦਾਵੇਂ ਪ੍ਰਵਚਨ ਦਾ ਨਕਾਰਨ ਕਰਕੇ ਔਰਤ ਦੀ ਹੋਂਦ ਅਤੇ ਹੋਣੀ ਦੇ ਵਿਭਿੰਨ ਪਸਾਰਾਂ ਨੂੰ ਪੇਸ਼ ਕੀਤਾ ਹੈ। ਇਸ ਤੋਂ ਪਹਿਲੀ ਕਹਾਣੀ ਵਿਚ ਔਰਤ ਦੀ ਬੇਕਦਰੀ, ਬੇਹੁਰਮਤੀ ਅਤੇ ਨਿਸਹੋਂਦ ਦੇ ਝਲਕਾਰੇ ਤਾਂ ਅਨੇਕ ਮਿਲਦੇ ਹਨ ਪਰ ਔਰਤ ਦੀ ਮਾਨਵੀ ਹੋਂਦ ਦੀਆਂ ਆਪਣੀਆਂ ਨਿੱਜੀ ਅਕਾਂਖਿਆਵਾਂ ਤੇ ਹੋਣੀਆਂ ਦੇ ਜੀਵਿੰਤ ਪਾਸਾਰ ਆਪਣੇ ਤਰਕ ਸਮੇਤ ਇਸ ਪੀੜ੍ਹੀ ਦੀ ਕਹਾਣੀ ਵਿਚ ਹੀ ਫੋਕਸ ਹੋਏ। ਅਜੀਤ ਕੌਰ, ਬਚਿੰਤ ਕੌਰ, ਸ਼ਰਨ ਮੱਕੜ, ਚੰਦਨ ਨੇਗੀ, ਸੁਖਵੰਤ ਕੌਰ ਮਾਨ, ਕੈਲਾਸ਼ਪੁਰੀ ਅਤੇ ਬਲਵਿੰਦਰ ਕੌਰ ਬਰਾੜ ਆਦਿ ਕਹਾਣੀਕਾਰਾਂ ਨੇ ਔਰਤ ਨਾਲ ਹੁੰਦੀ ਘਰੇਲੂ ਹਿੰਸਾ, ਸ਼ੋਸ਼ਣ, ਬੇਇਨਸਾਫ਼ੀ ਨੂੰ ਚਿਤਰਨ ਦੇ ਨਾਲ-ਨਾਲ ਨਾਰੀ ਅਵਚੇਤਨ ਦੀਆਂ ਅਨੇਕ ਪਰਤਾਂ ਨੂੰ ਵੀ ਸਾਹਮਣੇ ਲਿਆਂਦਾ। ਔਰਤ-ਮਰਦ ਸਬੰਧਾਂ ਵਿਚ ਬਰਾਬਰ ਦੀ ਧਿਰ ਬਣ ਵਿਚਰਨ ਦਾ ਸੰਕਲਪ ਜਾਂ ਆਰਥਿਕ ਤੌਰ ‘ਤੇ ਅਜ਼ਾਦ ਹੋ ਕੇ ਮਰਦ ਦੀਆਂ ਵਧੀਕੀਆਂ ਤੋਂ ਨਿਜਾਤ ਪਾਉਣ ਦਾ ਸੰਦੇਸ਼ ਵੀ ਇਸ ਕਹਾਣੀ ਦੀ ਪ੍ਰਾਪਤੀ ਹੈ।

ਇਸ ਦੌਰ ਵਿਚ ਪਰਵਾਸ ਅਤੇ ਪਰਵਾਸੀ ਜੀਵਨ ਪੰਜਾਬੀ ਜਨ ਜੀਵਨ ਦੀ ਇਕ ਅਹਿਮ ਇਕਾਈ ਬਣ ਕੇ ਸਾਹਮਣੇ ਆਉਂਦੇ ਹਨ, ਜਿਸ ਕਾਰਨ ਪਰਵਾਸ ਦੌਰਾਨ ਉਪਜੀਆਂ ਸਮੱਸਿਆਵਾਂ, ਮਾਨਸਿਕ ਉਦਰੇਵਾਂ, ਭੂ ਹੇਰਵਾ ਅਤੇ ਨਸਲੀ ਵਿਤਕਰਾ ਆਦਿ ਅਨੁਭਵ ਪਰਵਾਸੀ ਕਹਾਣੀਕਾਰਾਂ ਦੁਆਰਾ ਰਚੀ ਗਈ ਕਹਾਣੀ ਦੇ ਪ੍ਰਮੁੱਖ ਵਿਸ਼ੇ ਬਣਦੇ ਹਨ। ਰਘਬੀਰ ਢੰਡ, ਸਵਰਨ ਚੰਦਨ, ਤਰਸੇਮ ਨੀਲਗਿਰੀ, ਰਵਿੰਦਰ ਰਵੀ, ਸ਼ਿਵਚਰਨ ਗਿੱਲ, ਦਰਸ਼ਨ ਧੀਰ, ਪ੍ਰੀਤਮ ਸਿੱਧੂ ਅਤੇ ਕੈਲਾਸ਼ਪੁਰੀ ਤੀਜੇ ਪੜਾਅ ਦੀ ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਕਹਾਣੀਕਾਰ ਹਨ। ਆਰਥਿਕ ਸੰਘਰਸ਼ ਕਰਦਾ, ਨਸਲੀ ਵਿਤਕਰੇ ਸਹਿੰਦਾ, ਆਪਣੀ ਸਭਿਆਚਾਰਕ ਪਛਾਣ ਪ੍ਰਤੀ ਫ਼ਿਕਰਮੰਦ, ਆਪਣੀ ਧਰਤੀ ਅਤੇ ਆਪਣੀ ਸਭਿਆਚਾਰਕ ਰਹਿਤਲ ਲਈ ਤਰਸਦਾ ਬੰਦਾ ਇਸ ਕਹਾਣੀ ਦਾ ਪਾਤਰ ਹੈ। ਪਰਵਾਸੀ ਪੰਜਾਬੀ ਕਹਾਣੀ ਦੇ ਇਸ ਦੌਰ ਦਾ ਅਗਲਾ ਪੜਾਅ ਉਹ ਹੈ ਜਦੋਂ ਪਰਵਾਸੀ ਪੰਜਾਬੀ ਬੰਦੇ ਦੀ ‘ਵਤਨ ਵਾਪਸੀ’ ਦੀ ਮਿੱਥ ਟੁੱਟਦੀ ਹੈ, ਉਹ ਪਰਵਾਸ ਨੂੰ ਹੀ ਆਪਣੀ ਹੋਣੀ ਮੰਨ ਕੇ ਆਪਣਾ ਸੰਘਰਸ਼ ਜਾਰੀ ਰੱਖਦਾ ਹੈ। ਇਹ ਕਹਾਣੀ ਪਾਰ-ਸਭਿਆਚਾਰਕ ਅਤੇ ਅੰਤਰ-ਸਭਿਆਚਾਰਕ ਮਸਲਿਆਂ ਨੂੰ ਆਪਣੀ ਅਧਾਰਭੂਮੀ ਬਣਾਉਂਦੀ ਹੈ। ਜਰਨੈਲ ਸਿੰਘ, ਹਰਜੀਤ ਅਟਵਾਲ, ਸਾਧੂ ਬਿਨਿੰਗ, ਵੀਨਾ ਵਰਮਾ ਅਤੇ ਪਰਵੇਜ਼ ਸੰਧੂ ਅਜਿਹੀ ਕਹਾਣੀ ਦੇ ਪ੍ਰਮੁੱਖ ਹਸਤਾਖਰ ਬਣਦੇ ਹਨ।

ਭਾਵੇਂ ਪੰਜਾਬੀ ਕਹਾਣੀ ਦੇ ਦੂਜੇ ਪੜਾਅ ਵਿਚ ਦਲਿਤ ਜੀਵਨ ਦੇ ਵੇਰਵੇ ਉਪਲਬਧ ਹੁੰਦੇ ਹਨ ਪਰ ਇਥੇ ਜਾਤ ਦੀ ਬਜਾਇ ਜਮਾਤੀ ਦ੍ਰਿਸ਼ਟੀਕੋਣ ਤੋਂ ਇਸ ਮਸਲੇ ਨੂੰ ਸਮਝਣ ਦੀ ਰੁਚੀ ਭਾਰੂ ਰਹਿੰਦੀ ਹੈ। ਪਰ ਤੀਜੇ ਪੜਾਅ ਵਿਚ ਅਤਰਜੀਤ, ਕਿਰਪਾਲ ਕਜ਼ਾਕ, ਪ੍ਰੇਮ ਪ੍ਰਕਾਸ਼, ਪ੍ਰੇਮ ਗੋਰਖੀ ਅਤੇ ਨਛੱਤਰ ਦੀਆਂ ਕਹਾਣੀਆਂ ਦਲਿਤ ਵੇਦਨਾ ਅਤੇ ਦਲਿਤ ਚੇਤਨਾ ਦੇ ਮਸਲਿਆਂ ਨੂੰ ਜਾਤੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਲਗਦੀਆਂ ਹਨ।

ਇਸੇ ਦੌਰ ਵਿਚ ਹੀ ਮਹੀਪ ਸਿੰਘ, ਗੁਲਜ਼ਾਰ ਸਿੰਘ ਸੰਧੂ, ਅਜੀਤ ਕੌਰ, ਗੁਲ ਚੌਹਾਨ, ਐਸ. ਸਾਕੀ ਆਦਿ ਕਹਾਣੀਕਾਰ ਸ਼ਹਿਰੀ ਮੱਧ ਵਰਗ ਦੇ ਜੀਵਨ ਨੂੰ, ਜਸਬੀਰ ਭੁੱਲਰ ਅਤੇ ਦਲਬੀਰ ਚੇਤਨ ਫੌਜੀ ਜੀਵਨ ਨੂੰ, ਮਨਮੋਹਨ ਬਾਵਾ ਇਤਿਹਾਸਕ/ਮਿਥਿਹਾਸਕ ਹਵਾਲਿਆਂ ਨੂੰ, ਜਸਵੰਤ ਸਿੰਘ ਵਿਰਦੀ ਅਤੇ ਮੋਹਨ ਭੰਡਾਰੀ ਪੇਂਡੂ ਦਸਤਕਾਰੀ ਵਰਗਾਂ ਦੇ ਕਿੱਤਾ ਪਰਿਵਰਤਨ ਨੂੰ ਆਪਣਾ ਰਚਨਾ ਵਸਤੂ ਬਣਾਉਂਦੇ ਹਨ। ਐਸ. ਤਰਸੇਮ ਦੀਆਂ ਕਹਾਣੀਆਂ ਮਨੁੱਖੀ ਮਨ ਦੇ ਸੂਖ਼ਮ ਕੋਨਿਆਂ ‘ਤੇ ਝਾਤ ਪਵਾਉਂਦੀਆਂ ਹਨ।

ਪੰਜਾਬੀ ਕਹਾਣੀ ਦਾ ਚੌਥਾ ਪੜਾਅ 1985-90 ਦੇ ਦੌਰਾਨ ਆਪਣਾ ਸਰੂਪ ਸਪੱਸ਼ਟ ਕਰਨ ਲੱਗਦਾ ਹੈ ਅਤੇ ਹੁਣ ਤੱਕ ਨਿਰੰਤਰ ਜਾਰੀ ਹੈ। ਇਸ ਦੌਰ ਦੇ ਕਹਾਣੀਕਾਰ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਮੀਡੀਆ ਤੇ ਬਾਜ਼ਾਰਵਾਦ ਦੇ ਪੰਜਾਬੀ ਜਨ-ਜੀਵਨ 'ਤੇ ਪਏ ਪ੍ਰਭਾਵਾਂ ਨੂੰ ਆਪਣੀ ਆਧਾਰਭੂਮੀ ਬਣਾਉਂਦੇ ਹਨ। ਭਾਵੇਂ ਤੀਜੇ ਪੜਾਅ ਦੇ ਬਹੁਤੇ ਕਹਾਣੀਕਾਰ ਚੌਥੇ ਪੜਾਅ ਵਿਚ ਵੀ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ ਅਤੇ ਕਹਾਣੀ ਦੇ ਮੁੱਖ ਵਿਸ਼ੇ ਵੀ ਮੱਧ ਵਰਗ, ਕਿਸਾਨੀ, ਨਾਰੀ, ਦਲਿਤ ਅਤੇ ਪਰਵਾਸ ਹੀ ਬਣੇ ਰਹਿੰਦੇ ਹਨ। ਪਰ ਜੇ ਅਸੀਂ ਨਾਰੀਵਾਦ ਦੇ ਪੱਖ ਤੋਂ ਦੇਖੀਏ, ਔਰਤ-ਮਰਦ ਸਬੰਧਾਂ ਦੇ ਪੱਖ ਤੋਂ ਦੇਖੀਏ ਤਾਂ ਬਦਲੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸਥਿਤੀਆਂ ਦੇ ਮੱਦੇਨਜ਼ਰ ਇਸ ਦੌਰ ਦੀ ਪੰਜਾਬੀ ਕਹਾਣੀ ਔਰਤ-ਮਰਦ ਸਬੰਧਾਂ ਨੂੰ ਇਕ ਵਿਲੱਖਣ ਸੁਰ ਵਿਚ ਪੇਸ਼ ਕਰਨ ਲੱਗਦੀ ਹੈ। ਨਿਰਮਲ ਜਸਵਾਲ, ਵੀਨਾ ਵਰਮਾ, ਪਰਵੇਜ਼ ਸੰਧੂ, ਸ਼ਰਨ ਮੱਕੜ ਆਪਣੀਆਂ ਕਹਾਣੀਆਂ ਵਿਚ ਮਰਦਾਂ ਨੂੰ ਇਹ ਅਹਿਸਾਸ ਕਰਵਾਉਂਦੀਆਂ ਹਨ ਕਿ ਸਭਿਆਚਾਰਕ ਵਰਜਣਾਵਾਂ ਔਰਤਾਂ ਅਤੇ ਮਰਦਾਂ ਲਈ ਬਰਾਬਰ ਹਨ। ਸੁਖਜੀਤ ਦੀ ਕਹਾਣੀ 'ਬਰਫ' ਜਿੱਥੇ ਔਰਤ-ਮਰਦ ਦੇ ਰਿਸ਼ਤੇ ਦੇ ਸਮਾਜਿਕ ਤੇ ਪ੍ਰਾਕ੍ਰਿਤਿਕ ਰੂਪ ਦੇ ਆਪਸੀ ਦਵੰਦ ਨੂੰ ਚਿਤਰਦੀ ਹੈ। ਉੱਥੇ ਉਸਦੀ ਕਹਾਣੀ 'ਮੈਂ ਇੰਜੁਆਏ ਕਰਦੀ ਹਾਂ' ਔਰਤ-ਮਰਦ ਸਬੰਧਾਂ ਵਿਚ ਸ਼ਕਤੀ ਸੱਤਾ ਦੀਆਂ ਨਵੀਆਂ ਸਮੀਕਰਣਾਂ ਨੂੰ ਪੇਸ਼ ਕਰਦੀ ਹੈ। ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ' ਨਿਰਮਲ ਜਸਵਾਲ ਦੀ 'ਮੱਛੀਆਂ' ਬਲਵਿੰਦਰ ਗਰੇਵਾਲ ਦੀ 'ਯੁੱਧ ਖੇਤਰ' ਤੇ 'ਖੰਡੇ ਦੀ ਧਾਰ' ਤਲਵਿੰਦਰ ਸਿੰਘ ਦੀ ਕਹਾਣੀ 'ਵਿਚਲੀ ਔਰਤ' ਤੇ 'ਗਲੇਸ਼ੀਅਰ' ਇਹ ਸਾਰੀਆਂ ਕਹਾਣੀਆਂ ਮਰਦ ਸੱਤਾ ਦੇ ਵਿਰੁੱਧ ਨਾਰੀ ਅਕਰੋਸ਼ ਤੇ ਵਿਦਰੋਹ ਦੀਆਂ ਪ੍ਰਤੀ ਧੁਨੀਆਂ ਨੂੰ ਸਿਰਜਦੀਆਂ ਹਨ। ਸਾਰ ਤੱਤ ਇਹ ਹੈ ਕਿ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਔਰਤ-ਮਰਦ ਸਬੰਧਾਂ ਵਿਚ ਔਰਤ ਨੂੰ ਇਕ ਸੁਤੰਤਰ ਰੂਪ ਦੇ ਤੌਰ ਤੇ ਪੇਸ਼ ਕਰਦੀ ਹੈ। ਪਹਿਲੀ ਕਹਾਣੀ ਵਿਚ ਔਰਤ-ਮਰਦ ਦਾ ਇਕ ਹਿੱਸਾ ਬਣ ਕੇ ਇਕ ਵੱਖਰੀ ਪਛਾਣ ਪ੍ਰਤੀ ਚੇਤੰਨ ਸੀ ਪਰੰਤੂ ਅਜੋਕੀ ਕਹਾਣੀ ਵਿਚ ਔਰਤ-ਮਰਦ ਤੋਂ ਵੱਖਰੀ ਪਛਾਣ ਸਥਾਪਿਤ ਕਰਨ ਦੇ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਦਲਿਤ ਜੀਵਨ ਨਾਲ ਸਬੰਧਿਤ ਚੌਥੇ ਪੀੜੀ ਦੀ ਪੰਜਾਬੀ ਕਹਾਣੀ ਜੇਕਰ ਸਭ ਤੋਂ ਵੱਧ ਸ਼ਿੱਦਤ ਨਾਲ ਕਿਸੇ ਗੱਲ ਦਾ ਅਹਿਸਾਸ ਕਰਵਾ ਰਹੀ ਹੈ ਤਾਂ ਉਹ ਇਹ ਹੈ ਕਿ ਦਲਿਤ ਸਰੋਕਾਰਾਂ ਵਿਚ ਸਿਰਫ ਆਰਥਿਕਤਾ ਹੀ ਪ੍ਰਮੁੱਖ ਮੁੱਦਾ ਨਹੀਂ ਹੈ। ਪਹਿਲੇ ਦਲਿਤ ਪਾਤਰ ਦਾ ਸੰਤਾਪ, ਗਰੀਬੀ, ਬੇਵੱਸੀ, ਲਾਚਾਰੀ, ਅਗਿਆਨਤਾ ਤੇ ਅਹਿਸਾਨਾਂ ਦੇ ਬੋਝ ਵਿਚੋਂ ਆਪਣਾ ਆਕਾਰ ਗ੍ਰਹਿਣ ਕਰਦਾ ਸੀ। ਜਦੋਂ ਕਿ ਅਜੋਕੀ ਪੰਜਾਬੀ ਕਹਾਣੀ ਦੇ ਦਲਿਤ ਪਾਤਰ ਆਪਣੀ ਵਰਤਮਾਨ ਸਥਿਤੀ ਤੇ ਗਲੀਜ਼ਤਾ ਭਰੀ ਭੂਤਕਾਲੀ ਸਥਿਤੀ ਦੀ ਤੁਲਨਾਤਮਿਕਤਾ ਦੇ ਨਾਲ, ਤਾਲ-ਮੇਲ ਨਾ ਬਿਠਾ ਸਕਣ ਦੇ ਮਾਨਸਿਕ ਦਵੰਦ ਵਿਚੋਂ ਸੰਤਾਪ ਭੋਗਦੇ ਹਨ। ਇਹ ਪਾਤਰ ਆਪਣੀ ਪੁਰਾਣੀ ਦੁਖਦ ਸਥਿਤੀ ਤੋਂ ਟੁੱਟਣਾ ਚਾਹੁੰਦੇ ਹਨ ਅਤੇ ਕਿਸੇ ਨਵੀਂ ਸਥਿਤੀ ਨਾਲ ਜੁੜਨਾ ਚਾਹੁੰਦੇ ਹਨ ਪਰੰਤੂ ਅਜਿਹਾ ਕਰਨ ਲਈ ਉਹਨਾਂ ਦੀ ਮਾਨਸਿਕਤਾ ਕੋਲੇ ਕੋਈ ਠੋਸ ਧਰਾਤਲ ਉਪਲਬਧ ਨਹੀਂ ਹੈ। ਅਤਰਜੀਤ ਦੀ ਕਹਾਣੀ 'ਨੂੰਹਾਂ' ਪ੍ਰੇਮ ਗੋਰਖੀ ਦੀ ਕਹਾਣੀ 'ਵਿੱਥ', ਲਾਲ ਸਿੰਘ ਦੀ 'ਅੱਧੇ ਅਧੂਰੇ', ਅਜਮੇਰ ਸਿੱਧੂ ਦੀ 'ਗੌਰਜਾ' ਮੋਹਨ ਲਾਲ ਫਿਲੌਰੀਆ ਦੀ ਕਹਾਣੀ 'ਨਿੱਕੇ-ਨਿੱਕੇ ਹੱਥ' ਜੁਗਿੰਦਰ ਸਿੰਘ ਨਿਰਾਲਾ ਦੀ ਕਹਾਣੀ 'ਦਲਿਤ' ਬਲਜਿੰਦਰ ਨਸਰਾਲੀ ਦੀ ਕਹਾਣੀ 'ਹੱਡਾਰੋੜੀ' ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾਰੋੜੀ ਤੇ ਰੇਹੜੀ, ਜਿੰਦਰ ਦੀ ਕਹਾਣੀ 'ਸੌਰੀ', ਤਲਵਿੰਦਰ ਸਿੰਘ ਦੀ 'ਪੈਂਡਾ' ਹਰਜਿੰਦਰ ਸੂਰੇਵਾਲੀਆ ਦੀ ਕਹਾਣੀ 'ਪਾਪਾ ਆਪਾ ਬਰਾੜ ਹੁੰਨੇ ਆ' ਤੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਚੀਕ' ਵਿਚ ਅਜਿਹੇ ਵੇਰਵਿਆਂ ਦਾ ਬਾਖੂਬੀ ਚਿਤਰਨ ਹੋਇਆ ਮਿਲਦਾ ਹੈ। ਭਾਵੇਂ ਕਿਸਾਨੀ ਜੀਵਨ ਦੀ ਪੇਸ਼ਕਾਰੀ ਵੀ ਪੰਜਾਬੀ ਕਹਾਣੀ ਰਾਹੀਂ ਲੰਮੇ ਸਮੇਂ ਤੋਂ ਹੁੰਦੀ ਆ ਰਹੀ ਹੈ। ਪਰ ਪਿਛਲੇ ਕੁਝ ਸਮੇਂ ਦੌਰਾਨ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਖੇਤੀ-ਬਾੜੀ ਦੇ ਸਰੂਪ ਅਤੇ ਸਮੱਸਿਆਵਾਂ ਵਿਚ ਵਿਆਪਕ ਤਬਦੀਲੀ ਵਾਪਰੀ ਹੈ। ਕਿਸਾਨੀ ਸੰਕਟ ਦੀ ਅਜਿਹੀ ਸੁਰ ਬਲਜਿੰਦਰ ਨਸਰਾਲੀ ਦੀ ਕਹਾਣੀ 'ਜੇ ਆਪਣੀ ਬਿਰਥਾ ਕਹੂ' ਵਿਚੋਂ ਬਾਖੂਬੀ ਉੱਭਰਦੀ ਹੈ। ਕੇਸਰਾ ਰਾਮ ਦੀ ਕਹਾਣੀ 'ਬੁਲਬੁਲਿਆਂ ਦੀ ਕਾਸ਼ਤ' ਤੇ ਜਸਵੀਰ ਰਾਣਾ ਦੀ ਕਹਾਣੀ 'ਜਰਾ ਬਚ ਕੇ ਮੋੜ ਤੋਂ' ਅਜਿਹੇ ਮੁੱਦਿਆਂ ਨੂੰ ਹੀ ਅਗਰਭੂਮੀ ਤੇ ਲਿਆਉਂਦੀਆਂ ਹਨ। ਬਲਦੇਵ ਧਾਲੀਵਾਲ ਦੀ ਕਹਾਣੀ 'ਕਾਰਗਿਲ', ਸੁਖਰਾਜ ਧਾਲੀਵਾਲ ਦੀ 'ਨਾਗ', ਜਸਵੀਰ ਰਾਣਾ ਦੀ 'ਸਿਖਰ ਦੁਪਿਹਰਾ', ਜਤਿੰਦਰ ਹਾਂਸ ਦੀ 'ਰਾਹੂ ਕੇਤੂ', ਗੁਰਪਾਲ ਲਿੱਟ ਦੀ 'ਜੜ੍ਹਾਂ ਵਾਲੇ' ਤੇ 'ਜਬਾੜੇ' ਅਜਮੇਰ ਸਿੱਧੂ ਦੀ 'ਜ਼ਹਾਜ ਵਾਲੀ ਟੈਂਕੀ', ਸਾਂਵਲ ਧਾਮੀ ਦੀ 'ਤੂੰ ਨਿਹਾਲਾ ਨਾ ਬਣੀ' ਸੁਖਵੰਤ ਕੌਰ ਮਾਨ ਦੀ 'ਖੋਭਾ' ਤੇ ਵਰਿਆਮ ਸੰਧੂ ਦੀ 'ਸੁਨਿਹਰੀ ਕਿਣਕਾ' ਅਤੇ 'ਆਪਣਾ ਆਪਣਾ ਹਿੱਸਾ' ਆਦਿ ਕਹਾਣੀਆਂ ਵਿਚ ਵੀ ਅਜਿਹੀਆਂ ਸਥਿਤੀਆਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ। ਖੇਤੀ ਬਹਾਨੇ ਸਮਾਜਿਕ ਕੰਮਾਂ ਜਿਵੇਂ ਵਿਆਹ ਸ਼ਾਦੀਆਂ, ਜਨਮ ਮਰਨ ਦੀਆਂ ਰਸਮਾਂ ਤੇ ਲਿਆ ਗਿਆ ਕਰਜ਼ਾ ਐਸ਼ੋ ਆਰਾਮ, ਫੋਕੀ ਸ਼ੋਹਰਤ ਹਾਸਿਲ ਕਰਨ ਦੇ ਲਈ ਕੀਤੇ ਵਿੱਤੋਂ ਬਾਹਰੇ ਖਰਚੇ ਕਾਰਨ ਕਿਸਾਨ ਜਿਵੇਂ ਕਰਜ਼ੇ ਦੇ ਮੱਕੜ ਜ਼ਾਲ ਵਿਚ ਫਸ ਕੇ ਖੁਦਕੁਸ਼ੀ ਤੱਕ ਪਹੁੰਚਦਾ, ਇਹ ਅਜੋਕੀ ਪੰਜਾਬੀ ਕਹਾਣੀ ਦਾ ਇਕ ਮਹੱਤਵਪੂਰਨ ਮੁੱਦਾ ਬਣਦਾ ਜਾ ਰਿਹਾ।

ਕਿਸਾਨੀ ਜੀਵਨ ਦੀ ਪੇਸ਼ਕਾਰੀ ਤੋਂ ਬਾਅਦ, ਚੌਥੀ ਪੀੜੀ ਦੀ ਪੰਜਾਬੀ ਕਹਾਣੀ ਲਈ ਪ੍ਰਮੁੱਖ ਮੁੱਦਾ ਪਰਵਾਸੀ ਜੀਵਨ ਬਣਦਾ ਹੈ। ਪਰਵਾਸੀ ਪੰਜਾਬੀ ਕਹਾਣੀ ਪੂਰਬੀ ਤੇ ਪੱਛਮੀ ਦੋਵੇਂ ਜੀਵਨ ਮੁੱਲਾਂ ਤੇ ਜੀਵਨ ਦ੍ਰਿਸ਼ਟੀਆਂ ਦੇ ਜੜ੍ਹ ਤੇ ਜੀਵੰਤ ਰੂਪਾਂ ਦੀ ਤੁਲਨਾ ਕਰਦੀ ਹੋਈ ਇਹ ਸਵਾਲ ਸਿਰਜਦੀ ਹੈ ਕਿ ਪਰਵਾਸੀ ਪੰਜਾਬੀ ਬੰਦੇ ਦੇ ਪ੍ਰਸੰਗ ਵਿਚ ਖਾਸ ਕਰਕੇ ਅਤੇ ਸਮੁੱਚੀ ਮਨੁੱਖਤਾ ਦੇ ਲਈ ਆਮ ਕਰਕੇ ਕਿ ਕਿਹੜੀ ਜੀਵਨ ਦ੍ਰਿਸ਼ਟੀ ਅਗਲੇ ਵਿਕਾਸ ਲਈ ਜਾਮਨ ਬਣ ਸਕਦੀ ਹੈ। ਪਰ ਇਹ ਦ੍ਰਿਸ਼ ਵੀ ਸਮੁੱਚੀ ਪਰਵਾਸੀ ਪੰਜਾਬੀ ਕਹਾਣੀ ਦਾ ਨਹੀਂ ਹੈ। ਜਰਨੈਲ ਸਿੰਘ ਦੀ ਕਹਾਣੀ 'ਮੁਹਾਜ', ਹਰਭਜਨ ਸਿੰਘ ਦੀ ਕਹਾਣੀ 'ਰੇਸ ਕਰਾਸ ਤੇ ਜੰਗ', ਵੀਨਾ ਵਰਮਾ ਦੀ ਕਹਾਣੀ 'ਫਰੰਗੀਆਂ ਦੀ ਨੂੰਹ', ਸੰਤੋਖ ਧਾਲੀਵਾਲ ਦੀ ਕਹਾਣੀ 'ਮੁਆਫੀ', ਕੁਲਜੀਤ ਮਾਨ ਦੀ 'ਰੰਗ ਕਾਟ', ਹਰਪ੍ਰੀਤ ਸੇਖਾ ਦੀ ਕਹਾਣੀ 'ਸੂਰਾ ਸੋ ਪਹਿਚਾਣੀਏ' ਆਦਿ ਕੁਝ ਕਹਾਣੀਆਂ ਵਿਚ ਹੀ ਅਜਿਹੇ ਦ੍ਰਿਸ਼ਟੀਕੋਣ ਉਪਲੱਬਧ ਹੁੰਦੇ ਹਨ। ਇਹ ਕਹਾਣੀ ਜਿਹੜੇ ਪੰਜਾਬੀ ਬੰਦੇ ਨੂੰ ਫੋਕਸ ਵਿਚ ਲਿਆ ਰਹੀ ਹੈ, ਭੂ-ਹੇਰਵਾ ਇਸ ਬੰਦੇ ਦੇ ਜੀਵਨ ਵਿਚ ਮਾਨਸਿਕ ਖਲਲ ਨਹੀਂ ਪਾਉਂਦਾ।

ਪੰਜਾਬੀ ਕਹਾਣੀ ਦੀ ਸਮੁੱਚੀ ਯਾਤਰਾ, ਇਤਿਹਾਸ ਜਾਂ ਵਿਕਾਸ ਦੇ ਸੰਦਰਭ ਵਿਚ ਇਹੀ ਕਿਹਾ ਜਾ ਸਕਦਾ ਪੰਜਾਬੀ ਕਹਾਣੀ ਪੰਜਾਬੀ ਬੰਦੇ ਅਤੇ ਉਹਦੇ ਜੀਵਨ ਦੇ ਵਿਭਿੰਨ ਪਹਿਲੂਆਂ ਜਿਵੇਂ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਤੇ ਨਿੱਜੀ ਪਛਾਣ ਦੇ ਬਹੁਮੁੱਖੀ ਯਥਾਰਥ ਦੇ ਨਾਲ ਸਦਾ ਹੀ ਜੁੜੀ ਰਹੀ ਹੈ ਅਤੇ ਇਹ ਪੰਜਾਬੀ ਜਨ-ਮਾਨਸ ਦੀ ਕਹਾਣੀ ਹੈ, ਇਹ ਪੰਜਾਬੀ ਬੰਦੇ ਦੀ ਜੀਵਨ-ਜਾਚ ਦੀ ਕਹਾਣੀ ਹੈ।

**ਅਭਿਆਸ ਪਹਿਲਾ**

ਪ੍ਰਸ਼ਨ 1. ਪੰਜਾਬੀ ਕਹਾਣੀ ਦੇ ਨਿਕਾਸ ਤੇ ਪਿਛੋਕੜ ਵਿਚ ਕਿਹੜੀਆਂ ਘਟਨਾਵਾਂ ਦਾ ਵਰਨਣ ਕੀਤਾ ਜਾ ਸਕਦਾ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 2. ਪੰਜਾਬ ਸੰਕਟ ਨਾਲ ਸੰਬੰਧਤ ਕਹਾਣੀ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 3. ਪਰਵਾਸੀ ਪੰਜਾਬੀ ਕਹਾਣੀਕਾਰਾਂ ਦਾ ਫ਼ੋਕਸ ਕੀ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 4. ਪੰਜਾਬੀ ਕਹਾਣੀ ਵਿਚ ਦਲਿਤ ਦੀ ਵੇਦਨਾ ਕਿਵੇਂ ਪ੍ਰਗਟ ਹੁੰਦੀ ਹੈ?

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

ਪ੍ਰਸ਼ਨ 5. ਕੋਈ ਚਾਰ ਇਸਤਰੀ ਕਹਾਣੀਕਾਰਾਂ ਦੇ ਨਾਂ ਲਿਖੋ।

ਉੱਤਰ ..............................................................................................................

..............................................................................................................

..............................................................................................................

..............................................................................................................

..............................................................................................................

## 9.4 ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਪੰਜਾਬੀ ਦਾ ਸਿਰਮੌਰ ਕਹਾਣੀਕਾਰ ਹੈ। ਉਸ ਨੇ ਨਿੱਕੀ ਕਹਾਣੀ ਦੀ ਰਚਨਾ ਕਰਕੇ ਪੰਜਾਬੀ ਸਾਹਿਤ ਨੂੰ ਵੱਡੀ ਦੇਣ ਦਿੱਤੀ ਹੈ। ਕੁਲਵੰਤ ਸਿੰਘ ਵਿਰਕ ਨੂੰ ਪੰਜਾਬੀ ਕਹਾਣੀ ਦਾ 'ਚੈਖੇਵ' ਕਰਕੇ ਜਾਣਿਆਂ ਜਾਂਦਾ ਹੈ। ਕੁਲਵੰਤ ਸਿੰਘ ਵਿਰਕ ਦਾ ਜਨਮ ਮਾਰਚ



ignou THE PEOPLE'S UNIVERSITY

1921 ਨੂੰ ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡ ਫੁਲਵਰਨ ਵਿਖੇ ਹੋਇਆ। ਉਸਨੇ ਆਪਣੀ ਮੁੱਢਲੀ ਪੜ੍ਹਾਈ ਸ਼ੇਖੂਪੁਰਾ ਵਿਚ ਹੀ ਕੀਤੀ। ਬੀ.ਏ. ਦੀ ਪ੍ਰੀਖਿਆ ਐੱਫ. ਸੀ. ਕਾਲਜ ਲਾਹੌਰ ਅਤੇ ਐੱਮ.ਏ. ਅੰਗਰੇਜ਼ੀ ਦੀ ਪ੍ਰੀਖਿਆ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਲਾਹੌਰ ਤੋਂ ਹੀ ਉਸਨੇ ਐੱਲ.ਐੱਲ.ਬੀ ਦੀ ਡਿਗਰੀ ਹਾਸਿਲ ਕੀਤੀ। ਕੁਲਵੰਤ ਸਿੰਘ ਵਿਰਕ ਦਾ ਪਿਤਾ ਆਸਾ ਸਿੰਘ ਅਨਪੜ੍ਹ ਕਿਸਾਨ ਸੀ। ਵਿਰਕ ਛੁੱਟੀਆਂ ਦੇ ਦੌਰਾਨ ਆਪਣੇ ਪਿਤਾ ਨਾਲ ਖੇਤਾਂ ਵਿਚ ਕੰਮ ਕਰਾਉਂਦਾ ਸੀ ਜਿਸ ਕਰਕੇ ਉਸ ਕੋਲ ਪੇਂਡੂ ਜਨ-ਜੀਵਨ ਅਤੇ ਕਿਸਾਨੀ ਦਾ ਡੂੰਘਾ ਅਨੁਭਵ ਸੀ। ਵਿਰਕ ਦੀਆਂ ਬਹੁਤੀਆਂ ਕਹਾਣੀਆਂ ਉੱਪਰ ਉਸਦੇ ਪਿਤਾ ਦੀ ਬੋਲੀ ਦਾ ਅਸਰ ਹੈ।

ਅੰਗਰੇਜ਼ੀ ਦੀ ਐੱਮ.ਏ. ਹੋਣ ਕਰਕੇ ਵਿਰਕ ਅੰਗਰੇਜ਼ੀ ਵਿਚ ਲਿਖਣਾ ਪਸੰਦ ਕਰਦਾ ਸੀ। ਅੰਗਰੇਜ਼ੀ ਦੀ ਕਿਸੇ ਕਹਾਣੀ ਤੋਂ ਪ੍ਰਭਾਵਿਤ ਹੋ ਕੇ ਉਸਨੇ ਪੰਜਾਬੀ ਵਿਚ ਪਹਿਲੀ ਕਹਾਣੀ 'ਚਾਚਾ' ਲਿਖੀ। 1944 ਈ. ਵਿਚ ਡਾ. ਮੋਹਨ ਸਿੰਘ ਨੇ ਇਸ ਕਹਾਣੀ ਨੂੰ 'ਪੰਜ ਦਰਿਆ' ਵਿਚ ਛਾਪ ਦਿੱਤਾ। ਕੁਲਵੰਤ ਸਿੰਘ ਵਿਰਕ ਦਾ ਪਹਿਲਾ ਕਹਾਣੀ-ਸੰਗ੍ਰਹਿ 'ਛਾਹ ਵੇਲਾ' 1950 ਵਿਚ ਛਪ ਕੇ ਆਉਂਦਾ ਹੈ, ਜਿਸ ਵਿਚ ਕੁੱਲ 17 ਕਹਾਣੀਆਂ ਹਨ। ਇਸ ਤੋਂ ਪਿੱਛੋਂ ਧਰਤੀ ਤੇ ਆਕਾਸ਼ 1951 ਵਿਚ, ਤੂੜੀ ਦੀ ਪੰਡ 1954, ਏਕਸ ਕੇ ਹਮ ਬਾਰਿਕ 1955, ਦੁੱਧ ਦਾ ਛੱਪੜ 1957, ਗੋਲ੍ਹਾਂ 1961, ਨਵੇਂ ਲੋਕ 1967 ਅਤੇ ਅਸਤਬਾਜ਼ੀ 1984 ਵਿਚ ਉਸਦੇ ਕਹਾਣੀ-ਸੰਗ੍ਰਹਿ ਛਪ ਕੇ ਆਉਂਦੇ ਹਨ। ਇਸ ਤੋਂ ਬਿਨਾਂ ਵਿਰਕ ਦੀਆਂ 12 ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ 'ਦੁਆਦਸ਼ੀ' ਡਾ. ਅਤਰ ਸਿੰਘ ਵੱਲੋਂ 1958 ਵਿਚ ਪ੍ਰਕਾਸ਼ਿਤ ਕੀਤਾ ਗਿਆ।

ਕੁਲਵੰਤ ਸਿੰਘ ਵਿਰਕ ਨੂੰ ਉਸਦੀ ਕਹਾਣੀ ਰਚਨਾ ਦੇ ਬਦਲੇ ਬਹੁਤ ਸਾਰੇ ਮਾਨ-ਸਨਮਾਨ ਵੀ ਮਿਲੇ। ਦੁੱਧ ਦਾ ਛੱਪੜ ਕਹਾਣੀ-ਸੰਗ੍ਰਹਿ ਉੱਪਰ 1959 ਈ. ਵਿਚ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਰਬੋਤਮ ਇਨਾਮ ਦਿੱਤਾ ਗਿਆ। ਨਵੇਂ ਲੋਕ ਕਹਾਣੀ-ਸੰਗ੍ਰਹਿ ਉੱਪਰ 1969 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਦਿੱਤਾ ਗਿਆ। ਇਸ ਤੋਂ ਬਿਨਾਂ ਸਾਹਿਤ ਵਿਚਾਰ ਮੰਚ ਕੈਨੇਡਾ(1984), ਕਰਤਾਰ ਸਿੰਘ ਧਾਲੀਵਾਲ ਪੁਰਸਕਾਰ(1986) ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਐਵਾਰਡ(1986)ਆਦਿ ਇਨਾਮ ਵੀ ਪ੍ਰਾਪਤ ਹੋਏ।

ਕੁਲਵੰਤ ਸਿੰਘ ਵਿਰਕ ਨੇ ਨਿਮਨ ਕਿਸਾਨੀ ਅਤੇ ਸ਼ਹਿਰੀ ਮੱਧਵਰਗੀ ਸ਼੍ਰੇਣੀ ਨਾਲ ਸੰਬੰਧਿਤ ਕਹਾਣੀਆਂ ਦੀ ਰਚਨਾ ਕੀਤੀ। ਵਿਰਕ ਨੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਨੂੰ ਵੀ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ। ਉਸਦੀਆਂ ਕਹਾਣੀਆਂ ਪੜ੍ਹਦਿਆਂ ਪਾਠਕ ਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਕੋਈ ਘਟਨਾ ਵੇਖ ਰਿਹਾ ਹੋਵੇ ਜਾਂ ਸੁਣ ਰਿਹਾ ਹੋਵੇ। ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਸ਼ੋਸਿਤ ਜਾਂ ਦਲਿਤ ਮਨੁੱਖ ਦੀ ਥਾਂ ਸਾਧਾਰਨ ਮਨੁੱਖ ਦੀ ਗੱਲ ਕੀਤੀ ਹੈ। ਇਸ ਕਰਕੇ ਕੁਲਵੰਤ ਸਿੰਘ ਵਿਰਕ ਨੂੰ ਮਾਨਵਵਾਦੀ ਕਹਾਣੀਕਾਰ ਕਿਹਾ ਜਾਂਦਾ ਹੈ।

1947 ਦੀ ਦੇਸ਼ ਵੰਡ ਬਾਰੇ ਵਿਰਕ ਨੇ ਉਲ੍ਹਾਮਾ, ਖੱਬਲ ਅਤੇ ਕੁੜੀ ਦਾ ਦਾਜ ਕਹਾਣੀਆਂ ਲਿਖੀਆਂ। ਉਸਦੀਆਂ ਕਹਾਣੀਆਂ ਆਧੁਨਿਕ ਯੁੱਗ ਵਿਚ ਨਵੀਂ ਔਰਤ ਦੇ ਸੰਕਲਪ ਨੂੰ ਵੀ ਪੇਸ਼ ਕਰਦੀਆਂ ਹਨ। ਸ਼ੇਰਨੀਆਂ, ਪਾਸ਼ੋ, ਧੁੱਪ ਛਾਂ ਅਤੇ ਰਸਭਰੀਆਂ ਅਜਿਹੀਆਂ ਹੀ ਕਹਾਣੀਆਂ ਹਨ, ਜਿਨ੍ਹਾਂ ਵਿਚ ਔਰਤ ਦਾ ਨਵਾਂ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ।

ਇਸ ਤਰ੍ਹਾਂ ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ ਦੇ ਵੱਖ-ਵੱਖ ਵਿਸ਼ਿਆਂ ਰਾਹੀਂ ਪੰਜਾਬੀ ਸਾਹਿਤ ਵਿਚ ਵੱਡਾ ਯੋਗਦਾਨ ਪਾਇਆ। ਇਸ ਪਾਠ ਵਿਚ ਅਸੀਂ ਮਿੰਨੀ ਕਹਾਣੀ 'ਸ਼ੇਰਨੀਆਂ' ਪੜ੍ਹਾਂਗੇ।

## 9.4.1 ਸ਼ੇਰਨੀਆਂ

ਹੋਰ ਬੱਚੇ ਤੇ ਸੌਂ ਗਏ ਸਨ ਪਰ ਸਭ ਤੋਂ ਛੋਟਾ ਅਜੇ ਜਾਗਦਾ ਸੀ, ਦਿਨੇ ਚੋਖਾ ਚਿਰ ਸੁੱਤਾ ਰਿਹਾ ਹੋਣ ਕਰਕੇ। ਮੇਰੀ ਵਹੁਟੀ ਉਸ ਦੇ ਨਾਲ ਲੰਮੀ ਪੈ ਕੇ ਉਸ ਨੂੰ ਸੁਆਣ ਦਾ ਚਾਰਾ ਕਰ ਰਹੀ ਸੀ। ਸਾਡੀ ਸਲਾਹ ਸੀ ਕਿ ਸੌਣ ਤੋਂ ਪਹਿਲਾਂ ਕੁਝ ਚਿਰ ਸੈਰ ਕਰ ਆਈਏ। ਪਰ ਕਾਕੇ ਦੇ ਸੌਣ ਤੀਕ ਕਿਸ ਤਰ੍ਹਾਂ ਜਾ ਸਕਦੇ ਸਾਂ? ਨਾਲ ਵੀ ਉਸ ਨੂੰ ਚੁਕਣਾ ਔਖਾ ਸੀ। ਇਸ ਲਈ ਮੈਂ ਪਹਿਲਾਂ ਇਕੱਲੇ ਹੀ ਜਾਣ ਦਾ ਫ਼ੈਸਲਾ ਕੀਤਾ। ਮੇਰੀ ਵਹੁਟੀ ਮਗਰੋਂ ਆ ਕੇ ਮੇਰੇ ਨਾਲ ਰਲ ਸਕਦੀ ਸੀ।

''ਚੰਗਾ, ਮੈਂ ਚਲਣਾ ਵਾਂ'' ਮੈਂ ਮੰਜੀ ਤੋਂ ਉਠਦੇ ਹੋਏ ਕਿਹਾ, ''ਜਦੋਂ ਸੌਂ ਗਿਆ ਤੂੰ ਵਡੀ ਪਾਰਕ ਵਿਚ ਆ ਜਾਵੀਂ, ਮੈਂ ਉਥੇ ਹੀ ਹੋਵਾਂਗਾ।'' ''ਬੱਸ ਮੈਂ ਹੁਣੇ ਇਸ ਨੂੰ ਸੁਆ ਕੇ ਆ ਜਾਨੀ ਆਂ। ਗੱਲਾਂ ਕਰਦਿਆਂ ਕੋਲ ਨਹੀਂ ਸੌਂਦਾ। ਜ਼ਰਾ ਕੁ ਆਪ ਝੂਠੀ ਮੂਠੀ ਦੀਆਂ ਅੱਖਾਂ ਮੀਟੀਏ ਤਾਂ ਝਟ ਸੌਂ ਜਾਂਦਾ ਏ।'' ਮੇਰੀ ਵਹੁਟੀ ਨੇ ਮੈਨੂੰ ਤੇ ਆਪਣੇ ਆਪ ਨੂੰ ਤਸੱਲੀ ਦਿਤੀ। ਮੈਂ ਇਕੱਲਾ ਬਾਹਰ ਟੁਰ ਪਿਆ।

ਮਾਡਲ ਟਾਊਨ ਦੀ ਇਸ ਸੜਕ ਦੇ ਦੋਹੀਂ ਪਾਸੀਂ ਮਕਾਨਾਂ ਵਿਚ ਬੱਤੀਆਂ ਅਜੇ ਜਗ ਰਹੀਆਂ ਸਨ। ਲੋਕੀਂ ਸੁੱਤੇ ਤੇ ਨਹੀਂ ਸਨ ਪਰ ਸੌਣ ਵਾਲੇ ਹੀ ਜਾਪਦੇ ਸਨ। ਮੋੜ ਦੇ ਘਰ ਵਿਚ ਪਤਲੇ ਪਰਦਿਆਂ ਪਿੱਛੇ ਕੋਈ ਕਪੜੇ ਬਦਲਦਾ ਇਸ ਤਰ੍ਹਾਂ ਲਗਦਾ ਸੀ ਜਿਵੇਂ ਪਰਛਾਵਿਆਂ ਦਾ ਨਾਟਕ ਹੋ ਰਿਹਾ ਹੋਵੇ। ਉਸ ਦੇ ਨਾਲ ਦੇ ਘਰ ਵਿਚ ਵੀ ਇਕ ਜੋੜਾ ਆਪਣੇ ਕਮਰੇ ਦੀਆਂ ਮਧਮ ਨੀਲੀਆਂ ਬੱਤੀਆਂ ਹੇਠ ਸੌਣ ਦੀਆਂ ਤਿਆਰੀਆਂ ਕਰ ਰਿਹਾ ਸੀ। ਮੈਨੂੰ ਕੁਝ ਸੁਆਦ ਜਿਹਾ ਆ ਰਿਹਾ ਸੀ ਜਿਹੜਾ ਇਸ ਖ਼ਿਆਲ ਤੇ ਆਉਂਦਾ ਹੈ ਕਿ ਲੋਕੀਂ ਅੰਦਰੀਂ ਵੜੇ ਸੌਣ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਤੁਸੀਂ ਬਾਹਰ ਫਿਰ ਰਹੇ ਹੋ। ਤੁਸੀਂ ਲੋਕਾਂ ਨੂੰ ਵੇਖ ਰਹੇ ਹੋ ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਤੁਸੀਂ ਉਨ੍ਹਾਂ ਨੂੰ ਵੇਖ ਰਹੇ ਹੋ।

ਪਾਰਕ ਬਹੁਤ ਵਡੀ ਸੀ। ਹੇਠਾਂ ਸਾਫ਼ ਪੱਧਰੀ ਜ਼ਮੀਨ ਤੇ ਘਾਹ ਉਗਾਇਆ ਹੋਇਆ ਸੀ ਤੇ ਦੁਆਲੇ ਤਾਰ ਲਗੀ ਹੋਈ ਸੀ। ਲੰਘਣ ਆਉਣ ਲਈ ਵਿਚ ਵਿਚ ਕਿਤੇ ਖੱਪੇ ਛਡੇ ਹੋਏ ਸਨ। ਇਕ ਪਾਸੇ ਸੜਕ ਲੰਘਦੀ ਸੀ ਜਿਸ ਤੇ ਜਗ ਰਹੀਆਂ ਬੱਤੀਆਂ ਪਾਰਕ ਵਿਚ ਚਾਨਣ ਸੁਟਦੀਆਂ ਸਨ। ਇਸ ਤਰ੍ਹਾਂ ਪਾਰਕ ਵਿਚ ਏਨਾ ਕੁ ਚਾਨਣ ਸੀ ਜਿੰਨਾ ਅੱਠਾਂ ਕੁ ਦਿਨਾਂ ਦੇ ਚੰਨ ਦਾ ਹੁੰਦਾ ਏ। ਪਰ ਇਹ ਚਾਨਣ ਇਕਸਾਰ ਨਹੀਂ ਸੀ। ਸੜਕ ਦੇ ਕੰਢੇ ਉਤਲੇ ਦਰਖ਼ਤਾਂ ਦੇ ਲੰਮੇ ਲੰਮੇ ਪਰਛਾਵੇਂ ਪਾਰਕ ਵਿਚ ਡਿਗਦੇ ਸਨ ਤੇ ਕਈ ਥਾਵਾਂ ਤੇ ਅਨ੍ਹੇਰਾ ਕਰ ਰਹੇ ਸਨ। ਰਾਤ ਚਾਨਣੀ ਨਹੀਂ ਸੀ। ਅਨ੍ਹੇਰੀ ਰਾਤ ਨੇ, ਜਿਹੜੀ ਤਾਰਿਆਂ ਦੀ ਮਤਰੇਈ ਮਾਂ ਦਸੀ ਜਾਂਦੀ ਹੈ, ਸਾਰੇ ਤਾਰਿਆਂ ਨੂੰ ਬਾਹਰ ਕਢਿਆ ਹੋਇਆ ਸੀ, ਭਾਵੇਂ ਕਿਸੇ ਨੂੰ ਨਜ਼ਰ ਹੀ ਲਗ ਜਾਵੇ।

ਕਵਾਰਿਆਂ ਦਾ ਰਾਹ ਪਾਰਕ ਦੇ ਲੰਮੇ ਪਾਸੇ ਦੇ ਉਤੋਂ ਦੀ ਲੰਘਦਾ ਸੀ।

ਪਾਰਕ ਦੁਆਲੇ ਦੀ ਤਾਰ ਵਿਚਲੇ ਰਾਹਾਂ ਦਾ ਮੈਨੂੰ ਪਤਾ ਸੀ ਪਰ ਏਸੇ ਵੇਲੇ ਰਾਹੇ ਰਾਹ ਲੰਘਣ ਦੀ ਥਾਂ ਮੇਰਾ ਤਾਰ ਟੱਪ ਕੇ ਹੀ ਜਾਣ ਨੂੰ ਜੀ ਕੀਤਾ। ਅਨ੍ਹੇਰਾ ਤੇ ਕੁਵੇਲਾ ਹੋਣ ਕਰ ਕੇ ਮਨ ਪੁੱਠੇ ਕੰਮਾਂ ਵਲ ਜਾਂਦਾ ਸੀ।
ਤਾਰ ਲੰਘ ਕੇ ਇਕ ਸਿਰਿਓਂ ਮੈਂ ਦੂਜੇ ਸਿਰੇ ਨੂੰ ਟੁਰ ਪਿਆ। ਪਾਰਕ ਵਿਚ ਇਸ ਵੇਲੇ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ।

ਦੂਜੇ ਸਿਰੇ ਅਪੜ ਕੇ ਜਦ ਮੈਂ ਪਿਛਾਂਹ ਨੂੰ ਮੁੜਿਆਂ ਤਾਂ ਅਗਲੇ ਸਿਰੇ ਕੋਲ ਇਕ ਦਰਖ਼ਤ ਦੇ ਪ੍ਰਛਾਵੇਂ ਹੇਠ ਕੁਝ ਹੋਰ ਆਦਮੀ ਆ ਖਲੋਤੇ ਜਾਪਦੇ ਸਨ। ਕੁਝ ਨੇੜੇ ਆ ਕੇ ਮੈਨੂੰ ਦਿਸਿਆ ਕਿ ਉਹ ਦੋ ਸਨ ਤੇ ਉਨ੍ਹਾਂ ਕੋਲ ਸਾਈਕਲ ਵੀ ਸਨ। ਮੈਂ ਆਪਣੀ ਸੇਧੇ ਟੁਰੀ ਗਿਆ ਤੇ ਇਸ ਤਰ੍ਹਾਂ ਉਨ੍ਹਾਂ ਦੇ ਹੋਰ ਨੇੜੇ ਹੁੰਦਾ ਗਿਆ।

ਹੈਂ! ਇਹ ਤੇ ਕੁੜੀਆਂ ਸਨ, ਦੁਪੱਟੇ ਹੇਠਾਂ ਲਮਕ ਰਹੇ ਸਨ।
ਇਹ ਇਸ ਵੇਲੇ ਸਾਈਕਲ ਲੈ ਕੇ ਖੜੀਆਂ ਏਥੇ ਕੀ ਕਰ ਰਹੀਆਂ ਨੇ?
ਕਿਧਰੇ ਜਾਣਾ ਹੋਣੈਂ।

ਪਰ ਇਸ ਵੇਲੇ ਜਦੋਂ ਮਾਡਲ ਟਾਊਨ ਦੇ ਸ਼ੁਕੀਨ ਤੇ ਬਹੁਤੀ ਦੇਰ ਤਕ ਜਾਗਣ ਵਾਲੇ ਲੋਕ ਵੀ ਸੌਣ ਨੂੰ ਫਿਰਦੇ ਨੇ, ਇਨ੍ਹਾਂ ਕਿਥੇ ਜਾਣੈਂ?
ਕੋਈ ਖ਼ਰਾਬ ਥਾਂ ਈ ਹੋਣੀ ਏ। ਏਥੇ ਕਿਸੇ ਦੀ ਉਡੀਕ ਕਰ ਰਹੀਆਂ ਹੋਣਗੀਆਂ ਤੇ ਫਿਰ ਉਸ ਦੇ ਨਾਲ ਕਿਧਰੇ ਜਾਣਗੀਆਂ।
ਆਪਣਾ ਸਾਈਕਲ ਲੈ ਕੇ ਮੈਂ ਚੋਰੀ ਚੋਰੀ ਇਨ੍ਹਾਂ ਕੁੜੀਆਂ ਦੇ ਪਿਛੇ ਨਾ ਲਗ ਜਾਵਾਂ? ਹੇਠਲੀ ਦੁਨੀਆਂ ਦੀ ਕੋਈ ਝਾਕੀ ਵੇਖਣ ਨੂੰ ਮਿਲੇਗੀ।

ਪਰ ਫਿਰ ਮੈਂ ਸੋਚਿਆ – ਐਵੇਂ ਲੱਤਾਂ ਮਾਰਨ ਦਾ ਕੀ ਫ਼ਾਇਦਾ? ਇਹ ਜਾ ਕੇ ਕਿਸੇ ਦੇ ਘਰ ਜਾਂ ਹੋਟਲ ਵਿਚ ਵੜ ਜਾਣਗੀਆਂ ਤੇ ਮੈਂ ਬਾਹਰ ਖਲੋਤਾ ਰਹਿ ਜਾਵਾਂਗਾ। ਉਹ ਘਰ ਕਿਸੇ ਦਾ ਵੀ ਹੋ ਸਕਦਾ ਏ, ਮੈਂ ਕੀ ਕਰ ਸਕਦਾ ਹਾਂ?

ਹੁਣ ਫਿਰ ਮੈਂ ਪਾਰਕ ਦੇ ਦੂਜੇ ਪਾਸੇ ਜਾ ਰਿਹਾ ਸਾਂ, ਕੁੜੀਆਂ ਤੋਂ ਦੂਰ ਵਾਲੇ ਪਾਸੇ। ਥੋੜ੍ਹੀ ਜਿਹੀ ਧੌਣ ਭਵਾ ਕੇ ਮੈਂ ਪਿਛਾਂਹ ਵੇਖਿਆ। ਕੁੜੀਆਂ ਉਥੇ ਹੀ ਖਲੋਤੀਆਂ ਸਨ। ਕੁਝ ਪੈਰ ਅਗੇ ਜਾ ਕੇ ਮੈਂ ਫਿਰ ਵੇਖਿਆ, ਕੁੜੀਆਂ ਅਜੇ ਵੀ ਉਥੇ ਖੜੀਆਂ ਸਨ। ਜਦੋਂ ਮੈਂ ਸਿਰੇ ਤੇ ਅਪੜ ਕੇ ਪਿਛਾਂਹ ਮੁੜਿਆ ਤਾਂ ਵੀ ਕੁੜੀਆਂ ਉਥੇ ਹੀ ਖੜੋਤੀਆਂ ਸਨ। ਵੇਖਣ ਨੂੰ ਤੇ ਅਸੀਂ ਦੋਵੇਂ ਧਿਰਾਂ ਆਪੋ ਆਪਣੇ ਕੰਮ ਲਗੀਆਂ ਹੋਈਆਂ ਸਾਂ, ਮੈਂ ਸੈਰ ਵਿਚ ਤੇ ਉਹ ਉਡੀਕ ਵਿਚ! ਪਰ ਮੇਰੀ ਸੈਰ ਦਾ ਭਾਵ ਉਨ੍ਹਾਂ ਦੀ ਉਡੀਕ ਦਾ ਅੰਤ ਵੇਖਣਾ ਤੇ ਉਹ ਸ਼ਾਇਦ ਸੈਰ ਦਾ ਅੰਤ ਉਡੀਕ ਰਹੀਆਂ ਸਨ। ਅਜੀਬ ਨਾਟਕ ਹੋ ਰਿਹਾ ਸੀ।

ਹੁਣ ਮੈਂ ਦੂਜੀ ਵਾਰ ਉਨ੍ਹਾਂ ਵਲ ਨੂੰ ਟੁਰਿਆ ਆ ਰਿਹਾ ਸਾਂ। ਕੁਝ ਨੇੜੇ ਆ ਕੇ ਮੈਨੂੰ ਲਗਾ ਕਿ ਉਹ ਗੱਲਾਂ ਕਰ ਰਹੀਆਂ ਨੇ। ਜਦੋਂ ਮੈਂ ਹੋਰ ਨੇੜੇ ਆਇਆ ਤਾਂ ਉਹ ਗੱਲਾਂ ਕਰਨੋਂ ਵੀ ਹਟ ਗਈਆਂ।
ਇਨ੍ਹਾਂ ਮੇਰੇ ਪੱਲੇ ਕੁਝ ਨਹੀਂ ਪਾਣਾ, ਭਾਵੇਂ ਮੈਂ ਕਿੰਨਾ ਚਿਰ ਏਥੇ ਫਿਰਦਾ ਰਵ੍ਹਾਂ। ਇਹ ਸੋਚ ਕੇ ਮੈਂ ਪਾਰਕ ਵਿਚੋਂ ਨਿਕਲ ਕੇ ਘਰ ਨੂੰ ਟੁਰ ਪਿਆ।
ਥੋੜ੍ਹੀ ਦੂਰ ਜਾ ਕੇ ਜਦ ਪੱਕੀ ਸੜਕ ਦਾ ਮੋੜ ਮੁੜਿਆ ਤਾਂ ਅਗੋਂ ਮੇਰੀ ਵਹੁਟੀ ਆ ਰਹੀ ਸੀ।
''ਕਾਕੇ ਨੇ ਬੜਾ ਚਿਰ ਲਾ ਦਿਤਾ ਸੌਂਦਿਆਂ। ਏਸ ਲਈ ਮੈਨੂੰ ਦੇਰ ਲਗੀ ਏ। ਆਓ ਇਕ ਚੱਕਰ ਹੋਰ ਲਾ ਆਈਏ ਪਾਰਕ ਦਾ'' ਉਸ ਮੰਗ ਕੀਤੀ।

ਅਸੀਂ ਫਿਰ ਪਿਛਾਂਹ ਟੁਰ ਪਏ।
ਜਦੋਂ ਅਸੀਂ ਉਹ ਮੁੜੇ ਤਾਂ ਪਾਰਕ ਵਿਚ ਦੋ ਸਾਈਕਲਾਂ ਪਰ੍ਹਾਂ ਨੂੰ ਜਾ ਰਹੀਆਂ ਸਨ।
''ਉਡੀਕ ਉਡੀਕ ਕੇ ਉਹ ਕੁੜੀਆਂ ਆਪੇ ਹੀ ਟੁਰ ਚਲੀਆਂ ਨੇ'' ਮੈਂ ਸੋਚਿਆ।

ਅਜੇ ਅਸੀਂ ਬਾਹਰ ਸੜਕ ਤੇ ਹੀ ਸਾਂ ਕਿ ਉਹ ਸਾਈਕਲ ਪਿਛਾਂਹ ਨੂੰ ਘੁੰਮ ਪਏ। ਪਾਰਕ ਦੇ ਇਸ ਸਿਰੇ ਦੇ ਨੇੜੇ ਆ ਕੇ ਉਹ ਦੋਵੇਂ ਸਾਈਕਲ ਫਿਰ ਵਾਪਸ ਹੋ ਗਏ। ਇਹ ਕੁੜੀਆਂ ਤੇ ਖ਼ਬਰੇ ਸਾਈਕਲ ਦੀ ਜਾਚ ਸਿਖ ਰਹੀਆਂ ਸਨ।

ਮੇਰੀ ਵਹੁਟੀ ਵੀ ਮੇਰੇ ਵਾਂਗ ਸਾਈਕਲਾਂ ਵਲ ਹੀ ਵੇਖ ਰਹੀ ਸੀ। ਕਹਿਣ ਲੱਗੀ, ''ਪਤਾ ਨਹੀਂ ਇਹ ਕਿਹੜੀਆਂ ਨੇ, ਸਾਈਕਲ ਸਿਖਦੀਆਂ।'' ਮਾਡਲ ਟਾਊਨ ਦੀਆਂ ਢੇਰ ਕੁੜੀਆਂ ਨੂੰ ਉਹ ਜਾਣਦੀ ਸੀ।
ਜਦੋਂ ਅਸੀਂ ਪਾਰਕ ਵਿਚ ਵੜੇ ਤਾਂ ਕੁੜੀਆਂ ਸਾਈਕਲਾਂ ਤੋਂ ਉਤਰ ਗਈਆਂ ਤੇ ਪਹਿਲਾਂ ਵਾਂਗ ਉਸੇ ਦਰਖ਼ਤ ਦੀ ਛਾਵੇਂ ਖਲੋ ਗਈਆਂ, ਮੇਰੀ ਵਹੁਟੀ ਉਨ੍ਹਾਂ ਕੁੜੀਆਂ ਨੂੰ ਪਛਾਨਣਾ ਚਾਹੁੰਦੀ ਸੀ। ਅਸੀਂ ਟਹਿਲਦੇ ਟਹਿਲਦੇ ਉਨ੍ਹਾਂ ਦੇ ਨੇੜੇ ਹੁੰਦੇ ਗਏ। ਜ਼ਨਾਨੀ ਨਾਲ ਹੋਣ ਕਰਕੇ ਮੈਨੂੰ ਉਨ੍ਹਾਂ ਦੇ ਨੇੜੇ ਜਾਂਦਿਆਂ ਕੋਈ ਡਰ ਨਹੀਂ ਸੀ।

''ਨੀ ਉਤਰ ਕਿਉਂ ਗਈਆਂ ਓ? ਅਸੀਂ ਤੁਹਾਨੂੰ ਨਜ਼ਰ ਤੇ ਨਹੀਂ ਲਾ ਦੇਂਦੇ।'' ਉਸ ਨੇ ਉਨ੍ਹਾਂ ਨੂੰ ਪਛਾਣ ਕੇ ਕਿਹਾ। ''ਇਹ ਤੇ ਸਰੋਜ ਤੇ ਵੀਨਾ ਨੇ'' ਉਸ ਉਨ੍ਹਾਂ ਵਲ ਹੱਥ ਕਰ ਕੇ ਮੈਨੂੰ ਦਸਿਆ ਤੇ ਫਿਰ ਉਨ੍ਹਾਂ ਨੂੰ ਕਿਹਾ : ''ਚਲਾਓ, ਚਲਾਓ, ਜ਼ਰਾ ਅਸੀਂ ਵੀ ਵੇਖੀਏ।''
''ਥੱਕ ਗਈਆਂ ਵਾਂ, ਜ਼ਰਾ ਸਾਹ ਲੈ ਕੇ ਚਲਾਵਾਂਗੀਆਂ'' ਜਿਹੜੀ ਉਨ੍ਹਾਂ ਵਿਚੋਂ ਸਰੋਜ ਸੀ, ਉਸ ਨੇ ਬਹਾਨਾ ਬਣਾਇਆ। ਇਹ ਆਪਣੇ ਆਪ ਨੂੰ ਮੇਰੀ ਵਹੁਟੀ ਦੇ ਬਹੁਤਾ ਨੇੜੇ ਸਮਝਦੀ ਸੀ।

''ਕਦੋਂ ਕੁ ਦੀਆਂ ਚਲਾਂਦੀਆਂ ਪਈਆਂ ਓ'' ਮੇਰੀ ਵਹੁਟੀ ਨੇ ਉਨ੍ਹਾਂ ਦੇ ਥੱਕ ਜਾਣ ਤੋਂ ਪੁਛਿਆ।
''ਨਹੀਂ ਭੈਣ ਜੀ, ਅਜੇ ਤੇ ਅਸਾਂ ਦੋ ਤਿੰਨ ਚੱਕਰ ਹੀ ਲਾਏ ਨੇ, ਉਂਜ ਸਾਨੂੰ ਸੰਗ ਆਉਂਦੀ ਏ'' ਵੀਨਾ ਨੇ ਕਿਹਾ। ਸ਼ਾਇਦ ਉਸ ਨੇ ਬੁਝ ਲਿਆ ਸੀ ਕਿ ਮੈਂ ਉਥੋਂ ਹੀ ਫਿਰਦਾ ਗਿਆ ਸਾਂ। ਤੇ ਇਸ ਲਈ ਠੀਕ ਠੀਕ ਦਸ ਦਿਤਾ।
''ਸੰਗ ਕਰ ਕੇ ਈ ਏਸ ਵੇਲੇ ਆਉਂਦੀਆਂ ਓ?''

''ਹੋਰ ਕੀ ਕਰੀਏ? ਪਾਰਕ ਵਿਹਲੀ ਈ ਇਸ ਵੇਲੇ ਹੁੰਦੀ ਏ'' ਤਿਖੇ ਜਵਾਬ ਦੇਣ ਲਈ ਗੱਲ ਫਿਰ ਸਰੋਜ ਨੇ ਫੜ ਲਈ ਸੀ।
''ਤੇ ਏਨਾ ਤੁਹਾਨੂੰ ਕੀ ਚਾਅ ਚੜ੍ਹਿਆ ਏ ਸਾਈਕਲਾਂ ਦਾ ਅੱਧੀ ਰਾਤੀਂ ਲੁਕ ਲੁਕ ਕੇ ਸਿਖਦੀਆਂ ਫਿਰਦੀਆਂ ਓ?''
''ਨਹੀਂ ਚਾਅ ਕਾਹਦਾ ਏ, ਬਸ ਲੋੜ ਏ।''
''ਲੋੜ ਕੀ? ਹੁਣ ਸਾਈਕਲਾਂ ਤੇ ਪੜ੍ਹਾਣ ਜਾਇਆ ਕਰੋਗੀਆਂ?''
''ਹਾਂ! ਵੇਖੋ ਨਾ ਭੈਣ ਜੀ'' ਵੀਨਾ ਫਿਰ ਸਮਝਾਉਣ ਲੱਗੀ, ''ਪਹਿਲਾਂ ਘਰੋਂ ਟੁਰ ਕੇ ਅੱਡੇ ਤੇ ਜਾਉ। ਫਿਰ ਬਸ ਤੋਂ ਉਤਰ ਕੇ ਟੁਰ ਕੇ ਪਿੰਡ ਅਪੜੋ। ਸੜਕ ਤੋਂ ਮੀਲ ਮੀਲ ਦੂਰ ਪਿੰਡ ਨੇ, ਜਿਥੇ ਅਸੀਂ ਪੜ੍ਹਾਨੀਆਂ ਵਾਂ। ਇਹਦਾ ਤੇ ਕੋਈ ਦੋ ਪੈਰ ਘੱਟ ਹੋਵੇਗਾ ਪਰ ਮੇਰਾ ਪੂਰਾ ਮੀਲ ਏ। ਸਾਰਾ ਪੈਂਡਾ ਉਜਾੜ ਬੀਆਬਾਨ! ਦਸੋ ਭੈਣ ਜੀ, ਭਲਾ ਸਾਡਾ ਓਥੇ ਕੌਣ ਏ? ਸੱਚੀਂ ਐਨਾ ਡਰ ਆਉਂਦਾ ਏ! ਪਤਾ ਨਹੀਂ, ਪਿੰਡ ਅਪੜ ਕਿਵੇਂ ਜਾਨੀਆਂ ਵਾਂ?''
''ਹਾਂ, ਡਰ ਤੇ ਬਹੁਤ ਹੀ ਆਉਂਦਾ ਹੋਣਾ ਏ!'' ਮੇਰੀ ਵਹੁਟੀ ਨੇ ਬਗਾਨੇ ਪਿੰਡ ਦੀਆਂ ਜੂਹਾਂ ਵਿਚ ਜਵਾਨ ਕੁੜੀਆਂ ਇਕੱਲੀਆਂ ਫਿਰਦੀਆਂ ਦਾ ਨਕਸ਼ਾ ਅੱਖਾਂ ਅਗੇ ਲਿਆ ਕੇ ਕਿਹਾ। ''ਭੈਣ ਜੀ, ਡੰਡੀ ਦੇ ਨਾਲ ਕਦੀ ਕਪਾਹ, ਕਦੀ ਮਕੱਈ, ਕਦੀ ਕਮਾਦ ਤੇ ਕਦੀ ਬਾਜਰਾ। ਜਿੰਨਾ ਚਿਰ ਪੈਲੀ ਮੁਕ ਨਾ ਜਾਏ, ਉਤਲਾ ਸਾਹ ਉਤਾਂਹ ਤੇ ਹੇਠਲਾ ਹੇਠਾਂ ਈ ਰਹਿੰਦਾ ਏ। ਹੁਣ ਕਈ ਹੋਰ ਕੁੜੀਆਂ ਨੇ ਸਾਈਕਲ ਲਏ ਨੇ। ਆਂਹਦੀਆਂ ਨੇ ਸਾਈਕਲ ਤੇ ਡਰ ਘਟ ਆਉਂਦਾ ਏ, ਨਾਲੇ ਟੁਰਨ ਤੋਂ ਬਚ ਜਾਈਦਾ ਹੇ। ਬੱਸ ਸਾਈਕਲ ਚਲਾਂਦੇ ਚਲਾਂਦੇ ਝਟ ਬੰਦੇ ਦੇ ਕੋਲੋਂ ਲੰਘ ਜਾਓ।''

''ਪਈ ਬੜਾ ਔਖਾ ਕੰਮ ਏ, ਸਾਈਕਲ ਨਾਲ ਵੀ। ਤੁਸੀਂ ਤੇ ਸ਼ੇਰਨੀਆਂ ਓ। ਖ਼ੌਰੇ ਕਿੱਡਾ ਕੁ ਦਿਲ ਏ ਤੁਹਾਡਾ! ਲਿਆ ਖਾਂ ਭਲਾ ਵੇਖਾਂ'' ਤੇ ਦਿਲ ਵੇਖਣ ਦੇ ਬਹਾਨੇ ਮੇਰੀ ਵਹੁਟੀ ਨੇ ਸਰੋਜ ਨੂੰ ਉਸ ਦੀ ਬਹਾਦਰੀ ਦੀ ਸ਼ਲਾਘਾ ਵਿਚ ਆਪਣੀ ਜੱਫੀ ਵਿਚ ਘੁਟ ਲਿਆ। ਸ਼ਲਾਘਾ ਦੇ ਨਾਲ ਇਹ ਵਿਦਾਇਗੀ ਵੀ ਸੀ।

ਅਸੀਂ ਸਾਰੇ ਉਠ ਖਲੋਤੇ।
ਜਦੋਂ ਉਨ੍ਹਾਂ ਤੋਂ ਵਖ ਹੋ ਕੇ ਅਸੀਂ ਬਾਹਰ ਸੜਕ ਤੇ ਆਏ ਤਾਂ ਮੇਰੀ ਵਹੁਟੀ ਨੇ ਕਿਹਾ, ''ਇਹ ਦੋਵੇਂ ਮਾਸਟਰਨੀਆਂ ਨੇ। ਇਥੇ ਸ਼ਹਿਰ ਵਿਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲੀ। ਪਿੰਡ ਵਿਚ ਨੌਕਰੀਆਂ ਮਿਲ ਜਾਂਦੀਆਂ ਨੇ। ਹੁਣ ਉਥੇ ਪੜ੍ਹਾਣ ਜਾਂਦੀਆਂ ਨੇ। ਬੜੀਆਂ ਬਹਾਦਰ ਨੇ ਇਹ ਕੁੜੀਆਂ। ਮੈਨੂੰ ਤੇ ਸ਼ਹਿਰੋਂ ਬਾਹਰ ਪੱਕੀ ਸੜਕ ਤੇ ਵੀ ਡਰ ਲਗੇ।'' ਉਸ ਨੇ ਫਿਰ ਸ਼ਲਾਘਾ ਕੀਤੀ।
ਉਸ ਦੀ ਇਸ ਸ਼ਲਾਘਾ ਸਾਹਮਣੇ ਮੇਰੀ ਸ਼ਰਮਿੰਦਗੀ ਹੋਰ ਵਧ ਗਈ। ਆਪਣੇ ਆਪ ਨੂੰ ਹੌਲਾ ਕਰਨ ਲਈ ਮੈਂ ਕਿਹਾ :

''ਅੱਗੇ ਜਦੋਂ ਮੈਂ ਆਇਆ ਤਾਂ ਇਹ ਇਸੇ ਤਰ੍ਹਾਂ ਦਰਖ਼ਤ ਹੇਠ ਲੁਕ ਕੇ ਖਲੋਤੀਆਂ ਸਨ। ਮੈਂ ਤੇ ਕੁਝ ਹੋਰ ਹੀ ਸਮਝਿਆ। ਚੰਗਾ ਹੋਇਆ ਅਸੀਂ ਫਿਰ ਆ ਗਏ, ਨਹੀਂ ਤੇ ਮੈਂ ਤੇ ਅਨ੍ਹੇਰੇ ਵਿਚ ਖਲੋਤੀਆਂ ਸਾਈਕਲਾਂ ਨੂੰ ਕਿਸੇ ਮਜ਼ੇਦਾਰ ਸ਼ਰਾਰਤ ਦਾ ਮੁੱਢ ਹੀ ਸਮਝਿਆ ਸੀ।''
''ਕੰਮ ਕਰਨ ਵਾਲੀਆਂ ਕੁੜੀਆਂ ਤੇ ਬੜੀਆਂ ਤੁਹਮਤਾਂ ਲਗਦੀਆਂ ਨੇ'' ਮੇਰੀ ਵਹੁਟੀ ਨੇ ਕੁਝ ਖਿਝ ਕੇ ਕਿਹਾ। ਹਰ ਇਕ ਨੂੰ ਭੁਲੇਖਾ ਪੈ ਜਾਂਦਾ ਏ, ਮੈਂ ਤੁਹਾਨੂੰ ਇਕ ਬੜੀ ਸੁਆਦਲੀ ਗੱਲ ਦਸਨੀ ਆਂ :

''ਇਕ ਵਾਰੀ ਮੈਂ ਤੇ ਮੇਰੀ ਭੈਣ ਫ਼ੀਰੋਜ਼ਪੁਰ ਆਪਣੀ ਕੋਠੀ ਅਗੇ ਸਵੇਰੇ ਘੁਸ ਮੁਸੇ ਜਿਹੇ ਫਿਰ ਰਹੀਆਂ ਸਾਂ। ਸਾਹਮਣਿਉਂ ਕਾਹਲੀ ਕਾਹਲੀ ਟੁਰਦੀ ਇਕ ਕੁੜੀ ਆਈ। ਕਦੀ ਉਹ ਦੋ ਕੁ ਪੈਰ ਭੱਜ ਵੀ ਲੈਂਦੀ ਤੇ ਫਿਰ ਕਾਹਲੀ ਕਾਹਲੀ ਟੁਰਨ ਲਗ ਜਾਂਦੀ।
ਜਦੋਂ ਸਾਡੇ ਨੇੜੇ ਆਈ ਦਾ ਉਹਦਾ ਮੂੰਹ ਦਿਸਿਆ ਤਾਂ ਘਬਰਾਈ ਹੋਈ ਵੀ ਡਾਹਢੀ ਜਾਪੀ। ਅਸੀਂ ਬੜੀਆਂ ਹੈਰਾਨ ਹੋਈਆਂ। ਸੈਰ ਕਰਨ ਵਾਲੀਆਂ ਤੇ ਇਸ ਤਰ੍ਹਾਂ ਨਹੀਂ ਭਜਦੀਆਂ। ਨਾ ਹੀ ਓਧਰ ਸਟੇਸ਼ਨ ਜਾਂ ਮੋਟਰਾਂ ਦਾ ਕੋਈ ਅੱਡਾ ਸੀ। ਅਸਾਂ ਸਮਝਿਆ ਕਿ ਇਹਨੂੰ ਰਾਤ ਕਿਧਰੇ ਸੁਤਿਆਂ ਸੁਤਿਆਂ ਦੇਰ ਹੋ ਗਈ ਏ ਤੇ ਹੁਣ ਭਜੀ ਜਾ ਰਹੀ ਹੈ ਕਿ ਘਰਦਿਆਂ ਦੇ ਜਾਗਣ ਤੋਂ ਪਹਿਲਾਂ ਪਹਿਲਾਂ ਘਰ ਜਾ ਵੜਾਂ।
''ਭਲਾ ਕਿਥੇ ਜਾਂਦੀ ਏ?'' ਇਹ ਜਾਨਣ ਲਈ ਅਸੀਂ ਵੀ ਉਹਦੇ ਪਿਛੇ ਟੁਰ ਪਈਆਂ।

ਉਹ ਅਗੇ ਅਗੇ ਤੇ ਅਸੀਂ ਮਗਰ ਮਗਰ।
ਉਹ ਟੈਲੀਫ਼ੋਨ ਐਕਸਚੇਂਜ ਨੂੰ ਮੁੜ ਪਈ। ਅਸੀਂ ਸਮਝ ਲਿਆ ਕਿ ਉਹ ਟੈਲੀਫ਼ੋਨ ਓਪਰੇਟਰ ਸੀ ਤੇ ਉਸ ਨੂੰ ਕੇਵਲ ਡੀਊਟੀ ਤੋਂ ਦੇਰ ਹੋ ਗਈ ਸੀ। ਅਸੀਂ ਸੜਕ ਤੇ ਖੜੀਆਂ ਉਸ ਵਲ ਵੇਖਦੀਆਂ ਰਹੀਆਂ। ਅੰਦਰ ਜਾ ਕੇ ਉਹ ਆਪਣੀ ਕੁਰਸੀ ਉਤੇ ਬੈਠ ਗਈ ਤੇ ਅਸੀਂ ਸ਼ਰਮਿੰਦੀਆਂ ਹੁੰਦੀਆਂ ਪਿਛਾਂਹ ਮੁੜ ਆਈਆਂ।

## 9.4.2 ਸ਼ੇਰਨੀਆਂ ਕਹਾਣੀ ਦਾ ਸਾਰ

ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ ਵਿਚ ਜਿੱਥੇ ਮਰਦ ਦੀ ਗੁਲਾਮ ਔਰਤ ਨੂੰ ਚਿਤਰਿਆ ਹੈ, ਉੱਥੇ ਆਧੁਨਿਕ ਯੁੱਗ ਦੀ ਨਵੀਂ ਔਰਤ ਦਾ ਵੀ ਆਪਣੀਆਂ ਕਹਾਣੀਆਂ ਵਿਚ ਪਾਤਰ-ਚਿਤਰਨ ਕੀਤਾ ਹੈ। ਵਿਰਕ ਦੀ ਕਹਾਣੀ 'ਸ਼ੇਰਨੀਆਂ' ਵੀ ਨਵੀਂ ਔਰਤ ਦਾ ਬਿੰਬ ਪੇਸ਼ ਕਰਦੀ ਕਹਾਣੀ ਹੈ। ਇਸ ਕਹਾਣੀ ਵਿਚ ਦੋ ਕੁੜੀਆਂ ਆਪਣੇ ਗੁਆਂਢੀ ਪਿੰਡ ਪੜ੍ਹਾਉਣ ਜਾਂਦੀਆਂ ਹਨ। ਸੜਕ ਤੋਂ ਸਕੂਲ ਤੱਕ ਦੇ ਰਸਤੇ ਵਿਚ ਉਨ੍ਹਾਂ ਨੂੰ ਉਜਾੜ ਬੀਆਬਾਨ ਦੇ ਕੋਲੋਂ ਦੀ ਤੁਰ ਕੇ ਜਾਣਾ ਪੈਂਦਾ ਹੈ, ਜਿਸ ਕਰਕੇ ਹੁਣ ਉਹ ਸਾਇਕਲ ਸਿੱਖ ਰਹੀਆਂ ਹਨ। ਰਾਤ ਦੇ ਸਮੇਂ ਜਦੋਂ ਉਹ ਪਾਰਕ ਵਿਚ ਸਾਇਕਲ ਸਿੱਖ ਰਹੀਆਂ ਹੁੰਦੀਆਂ ਹਨ ਤਾਂ ਮੈਂ ਪਾਤਰ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ।

'ਸ਼ੇਰਨੀਆਂ' ਕਹਾਣੀ ਅਸਲ ਵਿਚ ਬਦਲ ਰਹੀਆਂ ਪ੍ਰਸਥਿਤੀਆਂ ਨੂੰ ਪੇਸ਼ ਕਰਦੀ ਕਹਾਣੀ ਹੈ। ਅੱਜ ਦੀ ਔਰਤ ਪੁਰਾਣੇ ਸਮਾਜ ਦੀ ਔਰਤ ਵਾਂਗ ਘਰ ਦੀ ਚਾਰ ਦੀਵਾਰੀ ਵਿਚ ਕੈਦ ਨਹੀਂ। ਇਹ ਦਫ਼ਤਰਾਂ ਵਿਚ ਕੰਮ ਕਰਦੀ ਔਰਤ ਹੈ। ਅੱਜ ਦੀ ਔਰਤ ਰਾਹ ਜਾਂਦੇ ਮਰਦ ਨਾਲ ਗੱਲ ਕਰ ਸਕਦੀ ਹੈ ਪਰ ਮਰਦ ਦੀ ਔਰਤ ਪ੍ਰਤੀ ਸੋਚ ਅੱਜ ਵੀ ਤੰਗ ਦ੍ਰਿਸ਼ਟੀ ਵਾਲੀ ਹੈ॥ 'ਸ਼ੇਰਨੀਆਂ' ਕਹਾਣੀ ਵਿਚਲੇ 'ਮੈਂ' ਪਾਤਰ ਦੀ ਸੋਚ ਵੀ ਸਾਇਕਲ ਸਿੱਖਣ ਆਈਆਂ ਕੁੜੀਆਂ ਪ੍ਰਤੀ ਸ਼ੱਕ ਦੀ ਦ੍ਰਿਸ਼ਟੀ ਵਾਲੀ ਹੈ। ਮੈਂ ਪਾਤਰ ਸੋਚਦਾ ਹੈ-

"ਕੋਈ ਖਰਾਬ ਥਾਂ ਈ ਹੋਣੀ ਏ। ਏਥੇ ਕਿਸੇ ਦੀ ਉਡੀਕ ਕਰ ਰਹੀਆਂ ਹੋਣਗੀਆਂ ਤੇ ਫਿਰ ਉਸਦੇ ਨਾਲ ਕਿਧਰੇ ਜਾਣਗੀਆਂ।"
'ਸ਼ੇਰਨੀਆਂ' ਕਹਾਣੀ ਜਿੱਥੇ ਮਰਦ ਦੀ ਔਰਤ ਪ੍ਰਤੀ ਸੋਚ ਨੂੰ ਜੱਗ ਜਾਹਿਰ ਕਰਦੀ ਹੈ, ਉੱਥੇ ਔਰਤ ਦੀ ਔਰਤ ਪ੍ਰਤੀ ਸੋਚ ਦਾ ਵੀ ਪਗਟਾਵਾ ਕਰਦੀ ਹੈ। ਟੈਲੀਫੋਨ ਐਕਸਚੇਂਜ ਚ ਕੰਮ ਕਰਦੀ ਕੁੜੀ ਲੇਟ ਹੋਣ ਕਾਰਨ ਜਦੋਂ ਦੌੜ ਕੇ ਜਾ ਰਹੀ ਹੈ ਤਾਂ 'ਮੈਂ' ਪਾਤਰ ਦੀ ਪਤਨੀ ਵੀ ਉਸ ਕੁੜੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਹੈ। 'ਮੈਂ' ਪਾਤਰ ਦੀ ਪਤਨੀ ਦੇ ਮਨ ਵਿਚ ਵੀ ਉਹੀ ਖਿਆਲ ਆਉਂਦਾ ਹੈ, ਜੋ 'ਮੈਂ' ਪਾਤਰ ਨੂੰ ਸਾਇਕਲ ਸਿੱਖਣ ਆਈਆਂ ਕੁੜੀਆਂ ਪ੍ਰਤੀ ਆਉਂਦਾ ਹੈ।

"ਅਸਾਂ ਸਮਝਿਆ ਕਿ ਇਹਨੂੰ ਰਾਤ ਕਿਧਰੇ ਸੁੱਤਿਆਂ-ਸੁੱਤਿਆਂ ਦੇਰ ਹੋ ਗਈ ਤੇ ਹੁਣ ਭੱਜੀ ਜਾ ਰਹੀ ਹੈ ਕਿ ਘਰਦਿਆਂ ਦੇ ਜਾਗਣ ਤੋਂ ਪਹਿਲਾਂ-ਪਹਿਲਾਂ ਘਰ ਜਾ ਵੜਾਂ।"

ਕਹਾਣੀ ਵਿਚ ਕਹਾਣੀਕਾਰ ਸਾਇਕਲ ਸਿੱਖਣ ਆਈਆਂ ਕੁੜੀਆਂ ਨੂੰ ਸ਼ੇਰਨੀਆਂ ਦਾ ਖਿਤਾਬ ਦੇ ਕੇ ਇਹ ਦੱਸਣਾ ਚਾਹੁੰਦਾ ਹੈ ਕਿ ਇਹ ਕੁੜੀਆਂ ਸਾਇਕਲ ਚਲਾਉਣਾ ਹੀ ਨਹੀਂ ਸਿੱਖ ਰਹੀਆਂ, ਸਗੋਂ ਆਪਣੀ ਜ਼ਿੰਦਗੀ ਨੂੰ ਨਵੇਂ ਤਰੀਕੇ ਨਾਲ ਚਲਾਉਣਾ ਸਿੱਖ ਰਹੀਆਂ ਹਨ। ਇਸ ਤਰ੍ਹਾਂ ਕਹਾਣੀਕਾਰ ਸ਼ੇਰਨੀਆਂ ਕਹਾਣੀ ਦੇ ਰਾਹੀਂ ਆਧੁਨਿਕ ਯੁੱਗ ਦੀ ਔਰਤ ਵਿਚ ਆ ਰਹੀ ਚੇਤਨਾ ਨੂੰ ਬਿਆਨ ਕਰਦਾ ਹੈ।

## ਅਭਿਆਸ ਦੂਜਾ

ਪ੍ਰਸ਼ਨ 1. ਕੁਲਵੰਤ ਸਿੰਘ ਵਿਰਕ ਦੇ ਕੋਈ ਦੋ ਕਹਾਣੀ-ਸੰਗ੍ਰਹਿ ਦੱਸੋ।

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 2. ਕੁਲਵੰਤ ਸਿੰਘ ਵਿਰਕ ਨੂੰ ਕਿਹੜੇ ਕਹਾਣੀ-ਸੰਗ੍ਰਹਿ ਉੱਪਰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ?

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 3. ਕਹਾਣੀਕਾਰ ਨੇ ਕੁੜੀਆਂ ਨੂੰ 'ਸ਼ੇਰਨੀਆਂ' ਦਾ ਖਿਤਾਬ ਕਿਉਂ ਦਿੱਤਾ?

ਉੱਤਰ ..........................................................................................................

..........................................................................................................

..........................................................................................................

..........................................................................................................

ਪ੍ਰਸ਼ਨ 4. ਕੁਲਵੰਤ ਸਿਘ ਵਿਰਕ ਦੀਆਂ ਕਹਾਣੀਆਂ ਵਿਚ ਕਿਸ ਔਰਤ ਨੂੰ ਚਿਤਰਿਆ ਗਿਆ ਹੈ?

ਉੱਤਰ ..........................................................................................................

..........................................................................................................

..........................................................................................................

..........................................................................................................

## ਪੁਸਤਕ ਸੂਚੀ

1. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਕਹਾਣੀ ਦਾ ਇਤਿਹਾਸ, ਪੰਜਾਬੀ ਅਕੈਡਮੀ, ਦਿੱਲੀ, 2006
2. ਡਾ. ਰਵਿੰਦਰ ਕੁਮਾਰ, ਔਰਤ ਤੇ ਦਲਿਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ
3. ਡਾ. ਧਨਵੰਤ ਕੌਰ, ਆਧੁਨਿਕ ਪੰਜਾਬੀ ਕਹਾਣੀ: ਬਿਰਤਾਂਤ ਸ਼ਾਸਤਰੀ ਅਧਿਐਨ, ਆਰਸੀ ਪਬਲਿਸ਼ਰਜ਼, 2003
4. ਬਲਦੇਵ ਸਿੰਘ ਧਾਲੀਵਾਲ, ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019
5. ਜੁਗਿੰਦਰ ਸਿੰਘ ਰਾਹੀ, ਮਸਲੇ ਗਲਪ ਦੇ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1999

ignou THE PEOPLE'S UNIVERSITY